Employment Development Department
State of California

ਤੁਹਾਡੇ

# ਫਾਇਦੇ ਲਈ:

## ਬੇਰੁਜ਼ਗਾਰਾਂ ਲਈ ਕੈਲੀਫੋਰਨੀਆ ਦੇ ਪ੍ਰੋਗਰਾਮ

ਬੇਰੁਜ਼ਗਾਰੀ ਬੀਮਾ

ਅਪਾਹਜਤਾ ਬੀਮਾ

ਭੁਗਤਾਨ ਸਮੇਤ ਪਰਿਵਾਰਕ ਛੁੱਟੀ

ਕਾਰਜਬਲ ਸੇਵਾਵਾਂ

DE 2320/P Rev. 64 (11-19) **(INTERNET)** *Cover + 19 pages* *CU*

# ਤੁਹਾਡੇ ਫਾਇਦੇ ਲਈ: ਬੇਰੁਜ਼ਗਾਰਾਂ ਲਈ ਕੈਲੀਫੋਰਨੀਆ ਦੇ ਪ੍ਰੋਗਰਾਮ

ਇਹ ਪ੍ਰਕਾਸ਼ਨ ਬੇਰੁਜ਼ਗਾਰ ਕੈਲੀਫੋਰਨੀਆ ਦੇ ਨਿਵਾਸੀਆਂ ਲਈ ਰੁਜ਼ਗਾਰ ਵਿਕਾਸ ਵਿਭਾਗ (EDD) ਦੁਆਰਾ ਪੇਸ਼ ਕੀਤੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਮੁਹੱਈਆ ਕਰਦਾ ਹੈ। ਇਹ ਸਿਰਫ ਆਮ ਜਾਣਕਾਰੀ ਲਈ ਹੈ ਅਤੇ ਇਹ ਕਾਨੂੰਨੀ ਦਸਤਾਵੇਜ਼ ਨਹੀਂ ਹੈ।

ਵਧੇਰੀ ਜਾਣਕਾਰੀ EDD online (www.edd.ca.gov) ਤੇ ਉਪਲਬਧ ਹੈ।


ਬੇਰੁਜ਼ਗਾਰੀ ਬੀਮਾ (UI) .......... 2

UI ਲਾਭ ਉਹਨਾਂ ਕਰਮਚਾਰੀਆਂ ਨੂੰ ਅੰਸ਼ਕ ਤਨਖ਼ਾਹ ਦਾ ਬਦਲ ਪ੍ਰਦਾਨ ਕਰਦੇ ਹਨ ਜਿਹੜੇ ਆਪਣੀ ਗਲਤੀ ਨਾ ਹੋਣ ਦੇ ਬਾਵਜੂਦ ਵੀ ਬੇਰੁਜਗਾਰ ਹੋ ਜਾਂਦੇ ਹਨ।

ਰਾਜ ਅਪਾਹਜਤਾ ਬੀਮਾ (SDI) .......... 13

ਅਪਾਹਜਤਾ ਬੀਮਾ (DI) SDI ਦਾ ਹਿੱਸਾ ਹੈ ਅਤੇ ਉਨ੍ਹਾਂ ਵਰਕਰਾਂ ਨੂੰ ਅੰਸ਼ਕ ਤਨਖ਼ਾਹ ਦਾ ਲਾਭ ਪ੍ਰਦਾਨ ਕਰਦਾ ਹੈ ਜੋ ਕਿਸੇ ਕੰਮ ਨਾਲ ਗੈਰ-ਸਬੰਧਤ ਬਿਮਾਰੀ ਜਾਂ ਸੱਟ, ਗਰਭਵਤੀ ਹੋਣ ਜਾਂ ਬੱਚੇ ਦੇ ਜਨਮ ਕਾਰਨ ਕੰਮ ਕਰਨ ਤੋਂ ਅਸਮਰੱਥ ਹੁੰਦੇ ਹਨ।

ਭੁਗਤਾਨ ਸਮੇਤ ਪਰਿਵਾਰਕ ਛੁੱਟੀ (PFL) .......... 14

PFL SDI ਦਾ ਹਿੱਸਾ ਹੈ ਅਤੇ ਉਨ੍ਹਾਂ ਵਰਕਰਾਂ ਲਈ ਅੰਸ਼ਕ ਤਨਖ਼ਾਹ ਦਾ ਲਾਭ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਇੱਕ ਗੰਭੀਰ ਬਿਮਾਰ ਪਰਿਵਾਰਕ ਮੈਂਬਰ ਜਾਂ ਨਵੇਂ ਜਨਮੇ ਬੱਚੇ ਦੇ ਨਾਲ ਸਮਾਂ ਬਿਤਾਉਣ ਲਈ ਸਮੇਂ ਦੀ ਲੋੜ ਹੁੰਦੀ ਹੈ।

ਕਾਰਜਬਲ ਸੇਵਾਵਾਂ .......... 14

EDD ਵਰਕਫੋਰਸ ਸਰਵਿਸਿਜ਼ ਸ਼ਾਖਾ ਨੌਕਰੀ ਲੱਭਣ ਵਾਲਿਆਂ ਅਤੇ ਰੁਜ਼ਗਾਰਪ੍ਰਦਾਤਾਵਾਂ ਲਈ ਕਈ ਕਿਸਮ ਦੀਆਂ ਰੁਜ਼ਗਾਰ ਸੇਵਾਵਾਂ ਪ੍ਰਦਾਨ ਕਰਦੀ ਹੈ।

ਮਦਦ ਕਿਵੇਂ ਪ੍ਰਾਪਤ ਕਰੀਏ .......... 19

# ਬੇਰੁਜ਼ਗਾਰੀ ਬੀਮਾ (UI)

UI ਦਾ ਭੁਗਤਾਨ ਤੁਹਾਡੇ ਰੁਜ਼ਗਾਰਦਾਤਾ ਵੱਲੋਂ ਕੀਤਾ ਜਾਂਦਾ ਹੈ ਅਤੇ ਅੰਸ਼ਕ ਤਨਖਾਹ ਦੀ ਬਦਲੀ ਪ੍ਰਦਾਨ ਕਰਦਾ ਹੈ ਜਦੋਂ ਤੁਸੀਂ ਬੇਰੁਜ਼ਗਾਰ ਹੁੰਦੇ ਹੋ ਅਤੇ ਸਾਰੀਆਂ ਯੋਗਤਾ ਸ਼ਰਤਾਂ ਪੂਰੀਆਂ ਕਰਦੇ ਹੋ।

## ਮੈਨੂੰ ਕਿਸ ਕੋਲ UI ਦਾਅਵਾ ਫਾਈਲ ਕਰਨਾ ਚਾਹੀਦਾ ਹੈ

ਤੁਸੀਂ UI ਲਾਭਾਂ ਲਈ ਦਾਅਵਾ ਕਰ ਸਕਦੇ ਹੋ ਜੇਕਰ ਤੁਹਾਡੀ ਨੌਕਰੀ ਛੁੱਟ ਗਈ ਹੈ ਜਾਂ ਤੁਹਾਡੇ ਕੰਮ ਦੇ ਘੰਟੇ ਘੱਟ ਕਰ ਦਿੱਤੇ ਗਏ ਹਨ।

UI ਲਾਭਾਂ ਦੇ ਯੋਗ ਹੋਣ ਲਈ ਲਾਜ਼ਮੀ ਹੈ ਕਿ ਤੁਸੀਂ ਇੱਕ ਦਾਅਵਾ ਸਥਾਪਤ ਕਰਨ ਲਈ ਆਧਾਰ ਅਵਧੀ ਦੌਰਾਨ ਜ਼ਰੂਰੀ ਤਨਖਾਹ ਕਮਾਈ ਹੈ, ਅਤੇ

- ਪੂਰਨ ਜਾਂ ਅੰਸ਼ਕ ਰੂਪ ਵਿੱਚ ਬੇਰੁਜ਼ਗਾਰ ਹੋ।
- ਆਪਣੀ ਖੁਦ ਦੀ ਕੋਈ ਗਲਤੀ ਨਾ ਹੋਣ ਦੇ ਕਾਰਨ ਬੇਰੁਜ਼ਗਾਰ ਹੋ।
- ਸਰੀਰਕ ਤੌਰ ਤੇ ਕੰਮ ਕਰਨ ਦੇ ਯੋਗ ਹੋ।
- ਕੰਮ ਲਈ ਉਪਲਬਧ ਹੋ।
- ਫੌਰੀ ਤੌਰ ਤੇ ਕੰਮ ਕਰਨ ਅਤੇ ਕੰਮ ਨੂੰ ਸਵੀਕਾਰ ਕਰਨ ਲਈ ਤਿਆਰ ਹੋ।
- ਸਰਗਰਮੀ ਨਾਲ ਕੰਮ ਲੱਭ ਰਹੇ ਹੋ।

## ਫਾਈਲ ਕਦੋਂ ਕੀਤਾ ਜਾਵੇ

ਜਿਵੇਂ ਹੀ ਤੁਸੀਂ ਬੇਰੁਜ਼ਗਾਰ ਹੁੰਦੇ ਹੋ ਜਾਂ ਤੁਹਾਡੇ ਕੰਮ ਦੇ ਘੰਟੇ ਘੱਟ ਕਰ ਦਿੱਤੇ ਜਾਂਦੇ ਹਨ, ਤੁਸੀਂ ਲਾਭਾਂ ਲਈ ਅਰਜ਼ੀ ਦੇ ਸਕਦੇ ਹੋ। ਤੁਹਾਡਾ ਦਾਅਵਾ ਉਸ ਹਫ਼ਤੇ ਦੇ ਐਤਵਾਰ ਤੋਂ ਸ਼ੁਰੂ ਹੋਵੇਗਾ ਜਿਸ ਵਿੱਚ ਤੁਸੀਂ ਆਪਣਾ ਦਾਅਵਾ ਫਾਈਲ ਕਰੋਗੇ।

ਸਾਰੇ ਦਾਅਵਿਆਂ ਲਈ ਇੱਕ-ਹਫ਼ਤੇ ਦੀ ਬਿਨ੍ਹਾਂ ਭੁਗਤਾਨ ਉਡੀਕ ਮਿਆਦ ਹੁੰਦੀ ਹੈ। ਉਡੀਕ ਮਿਆਦ ਉਦੋਂ ਤੱਕ ਸ਼ੁਰੂ ਨਹੀਂ ਹੁੰਦੀ ਹੈ ਜਦੋਂ ਤੱਕ ਤੁਸੀਂ ਦਾਅਵਾ ਨਹੀਂ ਕਰਦੇ ਹੋ, ਲਾਭ ਲੈਣ ਲਈ ਪ੍ਰਮਾਣਤ ਨਹੀਂ ਹੁੰਦੇ ਹੋ, ਅਤੇ ਸਾਰੀਆਂ ਯੋਗਤਾ ਸ਼ਰਤਾਂ ਨੂੰ ਪੂਰਾ ਨਹੀਂ ਕਰਦੇ ਹੋ।

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

ਇੱਕ ਦਾਅਵਾ ਫਾਈਲ ਕਰਨ ਲਈ, ਤੁਹਾਨੂੰ ਹੇਠ ਲਿਖਿਆਂ ਚੀਜ਼ਾਂ ਮੁਹੱਈਆ ਕਰਨ ਦੀ ਜ਼ਰੂਰਤ ਹੁੰਦੀ ਹੈ:

- ਨਾਮ, (ਸਾਰੇ ਨਾਮ ਜੋ ਤੁਸੀਂ ਕੰਮ ਕਰਦੇ ਸਮੇਂ ਵਰਤਦੇ ਸੀ) ਅਤੇ ਸੋਸ਼ਲ ਸਿਕਿਊਰਿਟੀ ਨੰਬਰ
- ਮੇਲਿੰਗ ਅਤੇ ਨਿਵਾਸ ਪਤਾ (ਜੇਕਰ ਵੱਖਰਾ ਹੋਵੇ) ਅਤੇ ਫ਼ੋਨ ਨੰਬਰ।
- ਪਿਛਲੇ ਰੁਜ਼ਗਾਰਦਾਤਾ ਦਾ ਪੂਰਾ ਨਾਮ, ਪਤਾ (ਮੇਲਿੰਗ ਅਤੇ ਭੌਤਿਕ ਸਥਿਤੀ), ਅਤੇ ਫ਼ੋਨ ਨੰਬਰ।
- ਕੰਮ ਦਾ ਆਖਰੀ ਦਿਨ ਅਤੇ ਉਹ ਕਾਰਨ ਜਿਸ ਕਰਕੇ ਤੁਸੀਂ ਹੁਣ ਕੰਮ ਨਹੀਂ ਕਰ ਰਹੇ ਹੋ (ਕੰਮ ਬੰਦ ਹੋ ਗਿਆ, ਛੱਡ ਦਿੱਤਾ, ਕੱਢ ਦਿੱਤਾ ਗਿਆ ਜਾਂ ਵਪਾਰ ਝਗੜੇ ਕਾਰਨ ਕੰਮ ਛੱਡ ਦਿੱਤਾ)।
- ਆਪਣਾ ਦਾਅਵਾ ਫਾਈਲ ਕਰਨ ਤੋਂ ਪਹਿਲਾਂ ਰਾਜ ਤੋਂ ਬਾਹਰ ਦੀ ਨੌਕਰੀ ਸਮੇਤ 18 ਮਹੀਨਿਆਂ ਦੇ ਦੌਰਾਨ ਕੰਮ ਦਾ ਇਤਿਹਾਸ। ਸਾਰੇ ਰੁਜ਼ਗਾਰਦਾਤਾਵਾਂ ਦੇ ਨਾਮ, ਨੌਕਰੀਆਂ ਦੀ ਨਿਯੁਕਤੀ ਅਤੇ ਮਿਲੀ ਤਨਖਾਹ ਸ਼ਾਮਲ ਕਰੋ।
- ਰਾਜ ਦੁਆਰਾ ਜਾਰੀ ਡ੍ਰਾਈਵਰ ਲਾਇਸੰਸ ਨੰਬਰ ਜਾਂ ਪਛਾਣ ਪੱਤਰ ਨੰਬਰ।
- ਨਾਗਰਿਕਤਾ ਸਥਿਤੀ ਅਤੇ ਜੇਕਰ ਤੁਹਾਡੇ ਕੋਲ ਸੰਯੁਕਤ ਰਾਜ ਅਮਰੀਕਾ ਵਿੱਚ ਕੰਮ ਕਰਨ ਦਾ ਕਾਨੂੰਨੀ ਹੱਕ ਹੈ। ਜੇਕਰ ਤੁਸੀਂ ਇਹ ਦੱਸਦੇ ਹੋ ਕਿ ਤੁਸੀਂ ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (USCIS, ਪਹਿਲਾਂ INS) ਵਿੱਚ ਰਜਿਸਟਰ ਹੋਏ ਹੋ ਅਤੇ ਸੰਯੁਕਤ ਰਾਜ ਵਿੱਚ ਕੰਮ ਕਰਨ ਲਈ ਅਧਿਕਾਰਤ ਹੋ, ਤਾਂ ਤੁਹਾਨੂੰ ਤੁਹਾਡੇ ਰੁਜ਼ਗਾਰ ਅਧਿਕਾਰ ਦਸਤਾਵੇਜ਼ ਦਾ ਸਿਰਲੇਖ ਅਤੇ USCIS

ਦਸਤਾਵੇਜ਼, ਜਿਵੇਂ ਕਿ ਏਲੀਅਨ ਰਜਿਸਟਰੇਸ਼ਨ ਨੰਬਰ, ਕਾਰਡ ਨੰਬਰ, ਅਤੇ/ਜਾਂ ਮਿਆਦ ਪੁੱਗਣ ਦੀ ਮਿਤੀ ਬਾਰੇ ਪੁੱਛਿਆ ਜਾਵੇਗਾ।

**ਨੋਟ:** ਤੁਹਾਡੇ ਪਿਛਲੇ ਰੁਜ਼ਗਾਰਦਾਤਾ ਦਾ ਨਾਮ ਅਤੇ ਪਤਾ ਬਹੁਤ ਮਹੱਤਵਪੂਰਨ ਹਨ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਹੈ ਕਿ ਤੁਸੀਂ ਉਸ ਰੁਜ਼ਗਾਰਦਾਤਾ ਲਈ ਕਿੰਨ੍ਹੀਂ ਦੇਰ ਤੱਕ ਕੰਮ ਕੀਤਾ ਹੈ। ਜੇਕਰ ਤੁਸੀਂ ਪਾਰਟ-ਟਾਈਮ ਕੰਮ ਕੀਤਾ ਹੈ, ਤਾਂ ਦੱਸੋ ਕਿ ਤੁਸੀਂ ਹਰ ਹਫ਼ਤੇ ਕਿਨ੍ਹੇਂ ਘੰਟੇ ਕੰਮ ਕੀਤਾ ਹੈ।

**ਜੇਕਰ ਤੁਸੀਂ ਪਿਛਲੇ** 18 **ਮਹੀਨਿਆਂ ਵਿੱਚ ਮਿਲਟਰੀ ਵਿੱਚ ਸੇਵਾ ਦਿੱਤੀ ਹੈ,** ਤਾਂ ਤੁਹਾਨੂੰ ਆਪਣੇ DD214 ਮੈਂਬਰ ਕਾਪੀ 4 ਤੋਂ ਜਾਣਕਾਰੀ ਦੇਣ ਦੀ ਜ਼ਰੂਰਤ ਹੋਵੇਗੀ।

**ਜੇਕਰ ਤੁਸੀਂ ਪਿਛਲੇ** 18 **ਮਹੀਨਿਆਂ ਦੌਰਾਨ ਫੈਡਰਲ ਸਰਕਾਰ ਲਈ ਕੰਮ ਕੀਤਾ ਹੈ,** ਤਾਂ ਤੁਹਾਨੂੰ ਆਪਣੇ ਧਿਆਨ ਮੁਤਾਬਕ ਫੈਡਰਲ ਕਰਮਚਾਰੀਆਂ ਨੂੰ ਬੇਰੁਜ਼ਗਾਰੀ ਬੀਮਾ ਸਬੰਧੀ ਜਾਣਕਾਰੀ, ਸਟੈਂਡਰਡ ਫਾਰਮ 8 ਵਿੱਚ ਦੇਣ ਦੀ ਜ਼ਰੂਰਤ ਹੋਵੇਗੀ।

# ਚੇਤਾਵਨੀ

ਲਾਭ ਪ੍ਰਾਪਤ ਕਰਨ ਲਈ ਗਲਤ ਜਾਣਕਾਰੀ ਦੇਣਾ ਜਾਂ ਛੁਪਾਉਣਾਘੋਰ ਅਪਰਾਧ ਹੋ ਸਕਦਾ ਹੈ। ਜੁਰਮਾਨੇ ਵਿੱਚ ਫਾਈਨ, ਲਾਭਾਂ ਦਾ ਨੁਕਸਾਨ, ਅਤੇ/ਜਾਂ ਅਪਰਾਧਕ ਮੁਕੱਦਮੇ ਸ਼ਾਮਲ ਹੋ ਸਕਦੇ ਹਨ। ਪੰਨੇ 12 ਤੇ ਧੋਖੇ ਅਤੇ ਜੁਰਮਾਨੇ ਬਾਰੇ ਵਾਧੂ ਜਾਣਕਾਰੀ ਦੇਖੋ।

# ਰੁਜ਼ਗਾਰਦਾਤਾ ਸੂਚਨਾ

ਜਦੋਂ ਤੁਸੀਂ UI ਦਾਅਵਾ ਫਾਈਲ ਕਰਦੇ ਹੋ ਤਾਂ ਤੁਹਾਡੇ ਪਿਛਲੇ ਰੁਜ਼ਗਾਰਦਾਤਾ ਨੂੰ ਸੂਚਿਤ ਕੀਤਾ ਜਾਂਦਾ ਹੈ। ਹਾਲਾਂਕਿ ਤੁਹਾਡੀ ਯੋਗਤਾ EDD ਰਾਹੀਂ ਨਿਰਧਾਰਤ ਕੀਤੀ ਜਾਂਦੀ ਹੈ, ਰੁਜ਼ਗਾਰਦਾਤਾ UI ਪ੍ਰੋਗਰਾਮ ਨੂੰ ਫੰਡ ਕਰਦੇ ਹਨ ਅਤੇ ਅਜਿਹੀ ਕਿਸੇ ਵੀ ਜਾਣਕਾਰੀ ਪ੍ਰਦਾਨ ਕਰਨ ਲਈ ਕਾਨੂੰਨ ਦੁਆਰਾ ਲੋੜੀਂਦੇ ਹਨ ਜੋ ਲਾਭ ਪ੍ਰਾਪਤ ਕਰਨ ਲਈ ਤੁਹਾਡੀ ਯੋਗਤਾ ਨੂੰ ਪ੍ਰਭਾਵਤ ਕਰ ਸਕਦੀ ਹੈ।

# ਦਾਅਵਿਆਂ ਦੀਆਂ ਕਿਸਮਾਂ

ਤੁਸੀਂ ਜੋ ਦਾਅਵਾ ਫਾਈਲ ਕਰਦੇ ਹੋ ਉਸ ਰੁਜ਼ਗਾਰਦਾਤਾ ਦੀ ਕਿਸਮ ਤੇ ਨਿਰਭਰ ਕਰਦਾ ਹੈ ਜਿਸ ਲਈ ਤੁਸੀਂ ਕੰਮ ਕੀਤਾ ਸੀ ਅਤੇ ਉਹ ਰਾਜ ਜਿਸ ਵਿੱਚ ਤੁਸੀਂ ਕੰਮ ਕੀਤਾ ਸੀ।

ਤੁਸੀਂ ਇੱਕ:

- ਨਿਯਮਿਤ ਕੈਲੀਫੋਰਨੀਆ ਦਾਅਵਾ ਫਾਈਲ ਕਰੋਗੇ ਜੇਕਰ ਤੁਸੀਂ ਸਿਰਫ ਕੈਲੀਫੋਰਨੀਆ ਵਿੱਚ ਕੰਮ ਕੀਤਾ ਹੈ, ਭਾਵੇਂ ਤੁਸੀਂ ਹੁਣ ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਹੋ।
- ਫੈਡਰਲ ਦਾਅਵੇ ਜੇਕਰ ਤੁਸੀਂ ਫੈਡਰਲ ਸਰਕਾਰ ਲਈ ਨਾਗਰਿਕ ਕੰਮ ਕਰਦੇ ਸੀ।
- ਮਿਲਟਰੀ ਦਾਅਵੇ ਜੇਕਰ ਤੁਸੀਂ ਯੂਨਾਈਟਿਡ ਸਟੇਟਸ ਆਰਮਡ ਫੋਰਸਿਜ਼ ਦੇ ਮੈਂਬਰ ਦੇ ਰੂਪ ਵਿੱਚ ਸੇਵਾ ਨਿਭਾਈ ਹੈ।
- ਸੰਯੁਕਤ ਤਨਖਾਹ ਦਾਅਵਾ ਜੇਕਰ ਤੁਸੀਂ ਪਿਛਲੇ 18 ਮਹੀਨਿਆਂ ਵਿੱਚ ਕੈਲੀਫੋਰਨੀਆ ਵਿੱਚ ਅਤੇ ਘੱਟੋ ਘੱਟ ਇੱਕ ਹੋਰ ਰਾਜ ਵਿੱਚ ਤਨਖਾਹ ਪ੍ਰਾਪਤ ਕੀਤੀ ਹੈ।
- ਵਿਆਜ਼ ਲਈ ਦਾਅਵਾ ਜੇਕਰ ਤੁਸੀਂ ਹੁਣ ਕੈਲੀਫੋਰਨੀਆ ਵਿੱਚ ਰਹਿੰਦੇ ਹੋ ਅਤੇ ਸਿਰਫ ਪਿਛਲੇ 18 ਮਹੀਨਿਆਂ ਵਿੱਚ ਕਿਸੇ ਹੋਰ ਰਾਜ ਵਿੱਚ ਕੰਮ ਕੀਤਾ ਹੈ। ਆਪਣਾ ਦਾਅਵਾ ਸਿੱਧਾ ਦੂਸਰੇ ਰਾਜ, ਕੋਲੰਬੀਆ ਡਿਸਟ੍ਰਿਕਟ, ਪੋਰਟੋ ਰੀਕੋ ਜਾਂ ਕੈਨੇਡਾ ਵਿਖੇ ਫਾਈਲ ਕਰੋ। ਜੇਕਰ ਤੁਸੀਂ US ਵਰਜਿਨ ਆਈਲੈਂਡ ਵਿਖੇ ਕੰਮ ਕੀਤਾ ਹੈ, ਤਾਂ 1-800-300-5616 ਤੇ EDD ਨਾਲ ਸੰਪਰਕ ਕਰੋ।

# ਫਾਈਲ ਕਿਵੇਂ ਕਰੀਏ

ਤੁਸੀਂ ਹੇਠਾਂ ਦਿੱਤੇ ਢੰਗਾਂ ਵਿੱਚੋਂ ਇੱਕ ਦੀ ਵਰਤੋਂ ਕਰਕੇ UI ਦਾਅਵਾ ਫਾਈਲ ਕਰ ਸਕਦੇ ਹੋ:

- **ਔਨਲਾਈਨ**
  UI Online℠ ਤੁਹਾਡੇ UI ਦਾਅਵੇ ਨੂੰ ਪੇਸ਼ ਕਰਨ ਦਾ ਸਭ ਤੋਂ ਤੇਜ਼ ਅਤੇ ਸਭ ਤੋਂ ਵੱਧ ਸੁਵਿਧਾਜਨਕ ਤਰੀਕਾ ਹੈ। ਸ਼ੁਰੂ ਕਰਨ ਲਈ **UI Online℠** (edd.ca.gov/UI_Online) ਤੇ ਜਾਓ।

- **ਫ਼ੋਨੋਨ:**
  ਸੋਮਵਾਰ ਤੋਂ ਸ਼ੁ ਸਵੇਰੇ 8 ਵਜੇ ਤੋਂ 12 ਵਜੇ (ਪੈਸਿਫਿਕ ਟਾਈਮ) ਦੇ ਵਿਚਕਾਰ EDD ਪ੍ਰਤੀਨਿਧ ਨਾਲ ਗਲੱ ਕਰੋ, ਰਾਜ ਦੀਆਂ ਛੁੱਟੀਆਂ ਛੱਡ ਕੇ।
  UI ਫੋਨ ਨੰਬਰਾਂ ਦੀ ਸੂਚੀ ਲਈ ਪੰਨਾ 19 ਵੇਖੋ।

- **ਫੈਕਸ ਜਾਂ ਮੇਲ**ਫੈਕਸ ਜਾਂ ਮੇਲ
  UI ਆਨਲਾਈਨ ਦੇ ਨਾਲ ਇੱਕ ਦਾਅਵਾ ਪੇਸ਼ ਕਰਦੇ ਸਮੇਂ, ਕੁੱਝ ਗਾਹਕਾਂ ਨੂੰ EDD ਨੂੰ ਆਪਣੀ UI ਐਪਲੀਕੇਸ ਨ ਫੈਕਸ ਜਾਂ ਡਾਕ ਰਾਹੀਂ ਭੇਜਣ ਲਈ ਕਿਹਾ ਜਾਵੇਗਾ। ਜੇਕਰ ਅਜਿਹਾ ਹੁੰਦਾ ਹੈ, ਤਾਂ ਪੇਪਰ *Unemployment Insurance Application,* (DE 11011), ਪ੍ਰਦਰਸਿ
  ਤੇਜ਼ ਅਤੇ ਵਧੇਰੇ ਸੁਰੱਖਿਅਤ ਪ੍ਰਕਿਰਿਆ ਲਈ, ਭਰੇ ਹੋਏ ਫਾਰਮ ਨੂੰ ਫਾਰਮ ਤੇ ਦਿੱਤੇ ਨੰਬਰ ਤੇ ਫੈਕਸ ਕਰੋ। ਜੇਕਰ ਤੁਸੀਂ ਆਪਣੀ UI ਐਪਲੀਕੇਸ਼ ਤੇ ਪਤੇ ਦੀ ਵਰਤੋਂ ਕਰੋ ਅਤੇ ਪ੍ਰੋਸੈਸਿੰਗ ਲਈ ਵਾਧੂ ਸਮਾਂ ਦਿਓ।

## ਦਾਅਵਾ ਸ਼ੁਰੂ ਹੋਣ ਦੀ ਮਿਤੀ

ਤੁਹਾਡਾ ਦਾਅਵਾ ਉਸ ਹਫ਼ਤੇ ਦੇ ਐਤਵਾਰ ਤੋਂ ਸ਼ੁਰੂ ਹੋਵੇਗਾ ਜਿਸ ਵਿੱਚ ਤੁਸੀਂ ਆਪਣਾ ਦਾਅਵਾ ਫਾਈਲ ਕਰੋਗੇ।

## ਦਾਅਵੇ ਦੀ ਸਮਾਪਤੀ ਮਿਤੀ

ਤੁਹਾਡਾ ਦਾਅਵਾ ਤੁਹਾਡੇ ਦਾਅਵੇ ਦੇ ਸ਼ੁਰੂ ਹੋਣ ਦੇ 52 ਹਫ਼ਤੇ ਬਾਅਦ ਸ਼ਨੀਵਾਰ ਨੂੰ ਖਤਮ ਹੁੰਦਾ ਹੈ।
ਜੇਕਰ ਇਸ ਮਿਤੀ ਤੋਂ ਪਹਿਲਾਂ ਤੁਹਾਡੇ ਲਾਭ ਖਤਮ ਹੋ ਜਾਂਦੇ ਹਨ, ਤਾਂ ਤੁਸੀਂ ਦਾਅਵੇ ਦਾ ਸਾਲ ਖਤਮ ਹੋਣ ਤੋਂ ਪਹਿਲਾਂ ਕਿਸੇ ਹੋਰ ਕੈਲੀਫੋਰਨੀਆ ਦਾਅਵੇ ਲਈ ਫਾਈਲ ਨਹੀਂ ਕਰ ਸਕਦੇ ਹੋ।
ਜੇਕਰ ਤੁਸੀਂ ਪਿਛਲੇ 18 ਮਹੀਨਿਆਂ ਵਿੱਚ ਕਿਸੇ ਹੋਰ ਰਾਜ ਵਿੱਚ ਕੰਮ ਕੀਤਾ ਹੈ, ਤਾਂ ਤੁਸੀਂ ਉਸ ਰਾਜ ਵਿੱਚ ਨਵਾਂ ਦਾਅਵਾ ਫਾਈਲ ਕਰਨ ਦੇ ਯੋਗ ਹੋ ਸਕਦੇ ਹੋ।

## ਇੱਕ ਜਾਇਜ਼ ਦਾਅਵਾ ਫਾਈਲ ਕਰਨ ਲਈ ਘੱਟੋ ਘੱਟ ਆਮਦਨ

ਤੁਹਾਡੀ ਮੂਲ ਮਿਆਦ ਦੀ ਪਹਿਲੀ ਤਿਮਾਹੀ ਵਿੱਚ ਤੁਹਾਡੀ ਕਮਾਈ ਘੱਟੋ ਘੱਟ $1,300 ਹੋਣੀ ਚਾਹੀਦੀ ਹੈ ਜਾਂ ਬਾਅਦ ਵਾਲੀ ਤਿਮਾਹੀ ਵਿੱਚ ਕਮਾਈ ਘੱਟੋ ਘੱਟ $900 ਹੋਣੀ ਚਾਹੀਦੀ ਹੈ ਅਤੇ ਤੁਹਾਡੀ ਕੁੱਲ ਮੂਲ ਮਿਆਦ ਵਿੱਚ ਬਾਅਦ ਵਾਲੀ ਤਿਮਾਹੀ ਤੋਂ 1.25 ਗੁਣਾ ਹੋਣੀ ਚਾਹੀਦੀ ਹੈ।
ਉਦਾਹਰਣ ਲਈ: ਜੇਕਰ ਤੁਹਾਡੀ ਬਾਅਦ ਵਾਲੀ ਤਿਮਾਹੀ ਦੀ ਕਮਾਈ $900 ਹੈ, ਤਾਂ ਤੁਹਾਨੂੰ ਮੂਲ ਮਿਆਦ ਵਿੱਚ ਕੁਲ $1,125 ਕਮਾਈ ਕਰਨੀ ਚਾਹੀਦੀ ਹੈ। ($900 x 1.25 = $1,125)।

## UI ਲਾਭ ਦਾ ਹਿਸਾਬ ਕਿਵੇਂ ਲਗਾਇਆ ਜਾਂਦਾ ਹੈ

ਜਿਸ ਤਿਮਾਹੀ ਵਿੱਚ ਤੁਹਾਨੂੰ ਮੂਲ ਮਿਆਦ ਦੇ ਦੌਰਾਨ ਸਭ ਤੋਂ ਵੱਧ ਤਨਖ਼ਾਹ ਦਿੱਤੀ ਗਈ ਸੀ, ਉਹ ਤੁਹਾਡੀ ਹਫ਼ਤਾਵਾਰ ਲਾਭ ਦੀ ਰਕਮ (WBA) ਨਿਰਧਾਰਤ ਕਰਦੀ ਹੈ। WBA ਹਰ ਹਫਤੇ $40 ਤੋਂ $450 ਤੱਕ ਹੁੰਦੀ ਹੈ।
ਅਧਿਕਤਮ ਲਾਭ ਰਕਮ ਹਫਤਾਵਾਰੀ ਲਾਭ ਰਕਮ ਤੋਂ 26 ਗੁਣਾ ਜਾਂ ਕੁੱਲ ਮੂਲ ਮਿਆਦ ਵਾਲੀ ਤਨਖਾਹ ਦਾ ਅੱਧ ਹੁੰਦੀ ਹੈ, ਜੋ ਵੀ ਘੱਟ ਹੋਵੇ।
ਆਪਣੇ WBA ਦਾ ਅੰਦਾਜ਼ਾ ਲਗਾਉਣ ਲਈ ਪੰਨੇ 16 ਤੇ **ਬੇਰੁਜ਼ਗਾਰੀ ਬੀਮਾ ਲਾਭ ਸਾਰਣੀ** ਦੇਖੋ।

## ਮੂਲ ਮਿਆਦ

ਇੱਕ ਦਾਅਵਾ ਨਿਰਧਾਰਤ ਕਰਨ ਲਈ ਦੋ ਕਿਸਮ ਦੀਆਂ ਮੂਲ ਮਿਆਦਾਂ ਹੁੰਦੀਆਂ ਹਨ: ਮਾਣਕ ਮੂਲ ਮਿਆਦ

ਅਤੇ ਵਿਕਲਪਿਕ ਮੂਲ ਮਿਆਦ।

## **ਮਾਣਕ ਮੂਲ ਮਿਆਦ** (SBP)

SBP ਦਾਅਵੇ ਦੀ ਸ਼ੁਰੂਆਤੀ ਮਿਤੀ ਤੋਂ ਪਹਿਲਾਂ ਦੀਆਂ ਆਖਰੀ ਪੰਜ ਪੂਰਨ ਕੈਲੰਡਰ ਤਿਮਾਹੀਆਂ ਵਿੱਚੋਂ ਪਹਿਲੀਆਂ ਚਾਰ ਹੁੰਦੀਆਂ ਹਨ।

ਹੇਠ ਰਦੱਤੇ ਚਾਰਟ ਨੂ ੰ ਵੇਖੋ। ਰੰਗਗਆ ਖੇਤਰ ਇੱਕ ਮਾਣਕ ਮੂਲ ਰਮਆਦ ਨੂ ੰ ਦਰਸਾਉਦਾ ਹੈ। ਰਬਨ੍ਹ ਾਂ ਰੰਗਗਆ ਖੇਤਰ ਦਾਅਵਾ ਕੀਤੀ ਤਿਮਾਹੀ ਦਰਸਾਉਂਦਾ ਹੈ।




## **ਵਿਕਲਪਕ ਮੂਲ ਮਿਆਦ** (ABP)

ਜੇਕਰ ਤੁਹਾਡੇ ਕੋਲ ਮਾਣਕ ਮੂਲ ਰਮਆਦ ਲਈ ਲੋੜੀਂਦੀ ਕਮਾਈ ਨਹੀਂ ਹੈ, ਤੁਸੀਂ ABP ਦੀ ਵਰਤੋਂ ਕਰਦੇ ਹੋਏ ਦਾਅਵਾ ਫਾਈਲ ਕਰਨ ਲਈ ਯੋਗ ਹੋ ਸਕਦੇ ਹੋ।
ABP ਦਾਅਵੇ ਦੇ ਸ਼ੁਰੂ ਹੋਣ ਦੀ ਰਮਤੀ ਤੋਂ ਪਰਹਲਾਂ ਆਖਰੀ ਚਾਰ ਪੂਰਨ ਕੈਲੰ ਡਰ ਰਤਮਾਹੀਆਂ ਹੁੰਦੀਆਂ ਹਨ।
ਜੇਕਰ ਤੁਸੀਂ SPB ਦਾਅਵੇ ਲਈ ਯੋਗ ਨਹੀਂ ਹੋ, ਤਾਂ EDD ਤੁਹਾਡੇ ਵੱਲੋਂ ਆਪਣੇ ਆਪ ABP ਦਾਅਵਾ ਫਾਈਲ ਕ ਰੇਗੀ।
ਤੁਹਾਨੂ ੰ ਵਾਧੂ ਤਨਖਾਹ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਕਿਹਾ ਜਾ ਸਕਦਾ ਹੈ ਤਾਂ ਕਿ EDD ਤੁਹਾਡੇ ਲਾਭ ਦੀ ਰਕਮ ਦੀ ਸਹੀ ਤਰੀਕੇ ਨਾਲ ਗਣਨਾ ਕਰ ਸਕੇ। ਜੇਕਰ ਤੁਹਾਨੂੰ *Affidavit of Wages,* (DE 23A) ਮਿਲਦਾ ਹੈ, ਤਾਂ ਬੇਨਤੀ ਕੀਤੇ ਗਏ ਦਸਤਾਵੇਜ਼ ਮੁਹੱਈਆ ਤੀ ਕੀਤੇ ਗਏ ਦਸਤਾਵੇਜ਼ ਮੁਹੱਈਆ ਕਰੋ ਅਤੇ EDD ਨੂੰ ਵਾਪਸ ਦਿਓ।

**ਨੋਟ:** ABP **ਸਿਰਫ** ਉਦੋਂ ਵਰਤੀਆ ਜਾ ਸਕਦਾ ਹੈ ਜਦੋਂ ਦਾਅਵਾ ਸਥਾਪਤ ਕਰਨ ਲਈ ਮਾਣਕ ਮੂਲ ਮਿਆਦ ਵਿੱਚ ਲੋੜੀਂਦੀ ਕਮਾਈ ਨਹੀਂ ਹੁੰਦੀ ਹੈ।

ਹੇਠ ਦਿੱਤਾ ਚਾਰਟ ਵੇਖੋ। ਰੰਗਿਆ ਖੇਤਰ ABP ਦਰਸਾਉਂਦਾ ਹੈ। ਬਿਨ੍ਹਾਂ ਰੰਗਿਆ ਖੇਤਰ ਦਾਅਵਾ ਕੀਤੀ ਤਿਮਾਹੀ ਦਰਸਾਉਂਦਾ ਹੈ।



## ਉਡੀਕ ਮਿਆਦ

ਬੇਰੁਜ਼ਗਾਰੀ ਬੀਮੇ ਦੇ ਦਾਅਵਿਆਂ ਲਈ ਇੱਕ ਹਫ਼ਤਾ, ਬਿਨ੍ਹਾਂ ਭੁਗਤਾਨ ਉਡੀਕ ਮਿਆਦ ਜਰੂਰੀ ਹੈ। ਇਹ ਉਡੀਕ ਮਿਆਦ ਆਮ ਤੌਰ ਤੇ ਦਾਅਵੇ ਦੇ ਪਹਿਲੇ ਯੋਗ ਹਫ਼ਤੇ ਅਤੇ ਲਾਭਾਂ ਲਈ ਭੁਗਤਾਨ ਕਰਨ ਤੋਂ ਪਹਿਲਾਂ ਪ੍ਰਭਾਵੀ ਹੋ ਜਾਂਦੀ ਹੈ। ਆਪਣੇ ਦਾਅਵੇ ਨੂੰ ਫਾਈਲ ਕਰਨ ਲਈ ਜ਼ਿਆਦਾ ਇੰਤਜ਼ਾਰ ਨਾ ਕਰੋ ਕਿਉਂਕਿ ਦਾਅਵਾ ਫਾਈਲ ਹੋਣ ਤੱਕ ਉਡੀਕ ਮਿਆਦ ਨਹੀਂ ਦਿੱਤੀ ਜਾ ਸਕਦੀ ਹੈ।

## ਲਾਭਾਂ ਲਈ ਕਿਵੇਂ ਪ੍ਰਮਾਣਿਤ ਹੋਈਏ

ਆਪਣੀ ਉਡੀਕ ਮਿਆਦ ਅਤੇ ਲਾਭਾਂ ਦਾ ਭੁਗਤਾਨ ਪ੍ਰਾਪਤ ਕਰਨ ਲਈ, ਤੁਹਾਨੂੰ ਸਾਰੀਆਂ ਯੋਗਤਾ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ ਅਤੇ ਹਰ ਦੋ ਹਫ਼ਤੇ ਬਾਅਦ ਲਾਭਾਂ ਦੀ ਪੁਸ਼ਟੀ ਕਰਨੀ ਪਵੇਗੀ।

ਲਾਭਾਂ ਲਈ ਪ੍ਰਮਾਣਿਤ ਕਰਨ ਦੇ ਤਿੰਨ ਤਰੀਕੇ ਹਨ:

- UI Online℠: (edd.ca.gov/UI_Online)
  ਇਹ ਲਾਭਾਂ ਦੀ ਪੁਸ਼ਟੀ ਕਰਨ ਅਤੇ ਕੰਮ ਅਤੇ ਤਨਖਾਹ ਦੀ ਜਾਣਕਾਰੀ ਦੇਣ ਦਾ ਸਭ ਤੋਂ ਤੇਜ਼ ਤਰੀਕਾ ਹੈ।UI ਔਨਲਾਈਨ ਦੀ ਵਰਤੋਂ ਕਰਨ ਲਈ, ਤੁਹਾਨੂੰ ਔਨਲਾਈਨ ਪ੍ਰੋਗਰਾਮਾਂ ਦੁਆਰਾ ਇੱਕ ਸੁਰੱਖਿਅਤ ਲੌਗਇਨ ਬਣਾਉਣਾ ਚਾਹੀਦਾ ਹੈ **ਅਤੇ** UI ਔਨਲਾਈਨ ਲਈ ਇੱਕ-ਵਾਰ ਰਜਿਸਟਰੇਸ ਨੂੰ ਪੂਰਾ ਕਰੋ।
  ਵਧੀਕ ਸਹੂਲਤ ਲਈ, ਅਤੇ UI ਔਨਲਾਈਨ ਮੋਬਾਈਲ ਮੋਬਾਈਲ ਡਿਵਾਇਸਾਂ ਲਈ ਉਪਲਬਧ ਹੈ।
- EDD Tele-Cert℠: 1-866-333-4606
  1-866-333-4606 ਤੇ ਫ਼ੋਨ ਕਰਕੇ ਪੁਸ਼ਟੀ ਕਰੋ। ਵਿਕਲਪ 2 ਚੁਣੋ ਅਤੇ ਸਾਰੀਆਂ ਹਦਾਇਤਾਂ ਦੀ ਪਾਲਣਾ ਕਰੋ। EDD Tele-Cert ਨੂੰ ਐਕਸੈਸ ਕਰਨ ਲਈ ਤੁਹਾਨੂੰ ਇੱਕ PIN ਬਣਾਉਣਾ ਹੋਵੇਗਾ।
- **ਮੇਲਮੇਲ:** Continued Claim form, DE 4581, (ਜਾਰੀ ਦਾਅਵਾ ਫਾਰਮ)
  ਫਾਰਮ ਨੂੰ ਪੂਰਾ ਕਰਕੇ, ਦਸਤਖਤ ਕਰਕੇ ਅਤੇ EDD ਨੂੰ ਮੇਲ ਕਰੋ।
  **ਨੋਟ:** ਤੇਜ਼ੀ ਨਾਲ ਪ੍ਰੋਸੈੱਸਿੰਗ ਲਈ, UI ਔਨਲਾਈਨ ਜਾਂ EDD Tele-Cert ਰਾਹੀਂ ਤਸਦੀਕ ਕਰੋ।

## ਭੁਗਤਾਨ

ਭੁਗਤਾਨ ਉਦੋਂ ਹੀ ਜਾਰੀ ਕੀਤੇ ਜਾਂਦੇ ਹਨ ਜਦੋਂ ਤੁਹਾਨੂੰ ਲਾਭਾਂ ਲਈ ਤਸਦੀਕ ਕੀਤਾ ਜਾਂਦਾ ਹੈ ਅਤੇ ਤੁਸੀਂ ਦਾਅਵਾ ਕੀਤੇ ਲਾਭਾਂ ਲਈ ਹਰ ਹਫਤੇ ਸਾਰੀਆਂ ਯੋਗਤਾ ਸ਼ਰਤਾਂ ਨੂੰ ਪੂਰਾ ਕਰਦੇ ਹੋ।

ਤੁਹਾਡੇ ਕੋਲ ਇੱਕ ਵਿਕਲਪ ਹੈ ਕਿ ਤੁਸੀਂ ਆਪਣੇ ਲਾਭ ਦਾ ਭੁਗਤਾਨ ਕਿਵੇਂ ਪ੍ਰਾਪਤ ਕਰਦੇ ਹੋ। EDD, EDD Debit Card℠ ਜਾਂ ਚੈੱਕ ਦੁਆਰਾ ਲਾਭ ਦਾ ਭੁਗਤਾਨ ਜਾਰੀ ਕਰਦਾ ਹੈ। EDD Debit Card ਤੁਹਾਡੇ ਲਾਭ ਪ੍ਰਾਪਤ ਕਰਨ ਦਾ ਸਭ ਤੋਂ ਤੇਜ਼ ਅਤੇ ਸੁਰੱਖਿਅਤ ਤਰੀਕਾ ਹੈ। ਹਾਲਾਂਕਿ, ਤੁਹਾਨੂੰ ਸਵੀਕਾਰ ਕਰਨ ਦੀ ਲੋੜ ਨਹੀਂ ਹੈ। ਇੱਕ ਵਾਰ, ਜਦੋਂ ਤੁਹਾਡਾ ਦਾਅਵਾ ਦਾਇਰ ਕਰ ਦਿੱਤਾ ਜਾਂਦਾ ਹੈ, ਜੇ ਤੁਸੀਂ ਚੈੱਕ ਰਾਹੀਂ ਲਾਭ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ EDD ਨਾਲ ਸੰਪਰਕ ਕਰੋ।

EDD Debit Card ਤਿੰਨ ਸਾਲਾਂ ਲਈ ਯੋਗ ਹੈ ਅਤੇ ਸਾਰੇ ਅਪੰਗਤਾ ਬੀਮਾ (DI), ਤਨਖਾਹ ਸਮੇਤ ਪਰਿਵਾਰਕ ਛੁੱਟੀ (PFL), ਅਤੇ ਬੇਰੁਜ਼ਗਾਰੀ ਬੀਮਾ (UI) ਲਾਭਾਂ ਲਈ ਵਰਤਿਆ ਜਾਂਦਾ ਹੈ।

ਜੇਕਰ ਤੁਹਾਡੇ ਕੋਲ ਪਿਛਲੇ DI, PFL, ਜਾਂ UI ਦਾਅਵੇ ਤੋਂ ਇੱਕ EDD ਡੈਬਿਟ ਕਾਰਡ ਹੈ ਜੋ ਹੁਣ ਵੀ ਵੈਧ ਹੈ, ਤਾਂ ਉਸ ਕਾਰਡ ਦੀ ਮਿਆਦ ਖਤਮ ਹੋਣ ਤੱਕ ਤੁਹਾਨੂੰ ਨਵਾਂ ਕਾਰਡ ਨਹੀਂ ਭੇਜਿਆ ਜਾਵੇਗਾ। ਜੇ ਤੁਹਾਨੂੰ ਕਿਸੇ ਰਿਪਲੇਸਮੈਂਟ ਕਾਰਡ ਦੀ ਜ਼ਰੂਰਤ ਹੈ, ਤਾਂ 1-866-692-9374 ਜਾਂ 1-866-656-5913 ਉੱਤੇ ਕਾਲ ਕਰਕੇ ਬੈਂਕ ਔਫ ਅਮਰੀਕਾ EDD ਡੇਬਿਟ ਕਾਰਡ ਕਸਟਮਰ ਸਰਵਿਸ ਨਾਲ ਸੰਪਰਕ ਕਰੋ।
ਹੋਰ ਜਾਣਕਾਰੀ ਲਈ Bank of America, EDD Debit Card (bankofamerica.com/EDDCard) ਤੇ

ਜਾਓ।

## ਟੈਕਸ ਲੋੜਾਂ

UI ਲਾਭ ਫੈਡਰਲ ਆਮਦਨ ਕਰ ਦੇ ਅਧੀਨ ਹਨ, ਪਰ ਕੈਲੀਫੋਰਨੀਆ ਰਾਜ ਆਮਦਨ ਕਰ ਤੋਂ ਛੋਟ ਹੈ। ਹਰ ਵਾਰ ਜਦੋਂ ਤੁਸੀਂ ਲਾਭਾਂ ਲਈ ਤਸਦੀਕ ਕਰਦੇ ਹੋ, ਤਾਂ ਤੁਸੀਂ ਆਪਣੇ ਹਫਤਾਵਾਰੀ ਲਾਭ ਭੁਗਤਾਨ ਵਿੱਚੋਂ 10 ਪ੍ਰਤੀਸ਼ਤ ਫੈਡਰਲ ਆਮਦਨ ਕਰ ਨੂੰ ਰੋਕਣ ਦੀ ਚੋਣ ਕਰ ਸਕਦੇ ਹੋ। ਨਹੀਂ ਤਾਂ, ਤੁਹਾਨੂੰ ਸਾਲ ਦੇ ਅੰਤ ਆਪਣਾ ਆਮਦਨ ਕਰ ਰਿਟਰਨ ਭਰਨ ਵੇਲੇ ਟੈਕਸ ਦਾ ਭੁਗਤਾਨ ਕਰਨਾ ਪੈ ਸਕਦਾ ਹੈ।

ਹਰ ਜਨਵਰੀ ਨੂੰ, EDD ਉਹਨਾਂ ਵਿਅਕਤੀਆਂ ਨੂੰ ਫ਼ਾਰਮ 1099G ਮੇਲ ਕਰਦਾ ਹੈ ਜਿਨ੍ਹਾਂ ਨੇ ਪਿਛਲੇ ਕੈਲੰਡਰ ਸਾਲ ਦੌਰਾਨ UI ਲਾਭ ਪ੍ਰਾਪਤ ਕੀਤੇ ਹੁੰਦੇ ਹਨ। ਤੁਹਾਡੀ ਫੈਡਰਲ ਆਮਦਨ ਰਿਟਰਨ ਤੇ ਮਹੱਤਵਪੂਰਨ ਕਰ ਜਾਣਕਾਰੀ ਦੇਣ ਲਈ ਫਾਰਮ ਦੀ ਵਰਤੋਂ ਕਰੋ। ਤੁਸੀਂ ਪਿਛਲੇ ਪੰਜ ਸਾਲਾਂ ਤੱਕ ਫ਼ਾਰਮ 1099G ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਅਤੇ/ਜਾਂ UI ਨੂੰ ਔਨਲਾਈਨ ਰਾਹੀਂ ਜਾਂ 1-866-401-2849 ਤੇ ਕਾਲ ਕਰ ਕੇ ਨਕਲੀ ਕਾਪੀਆਂ ਦੀ ਮੰਗ ਕਰ ਸਕਦੇ ਹੋ।

## ਬਾਲ ਸਹਾਇਤਾ ਜ਼ਿੰਮੇਵਾਰੀਆਂ

ਜੇਕਰ ਤੁਹਾਨੂੰ ਬਾਲ ਸਹਾਇਤਾ ਲਈ ਕਿਸੇ ਅਦਾਲਤ, ਜ਼ਿਲ੍ਹਾ ਅਟਾਰਨੀ ਦਫ਼ਤਰ, ਜਾਂ ਕਿਸੇ ਹੋਰ ਬਾਲ ਸਹਾਇਤਾ ਲਾਗੂ ਏਜੰਸੀ ਨੂੰ ਭੁਗਤਾਨ ਕਰਨਾ ਪੈਂਦਾ ਹੈ ਤਾਂ ਤੁਹਾਡਾ UI ਲਾਭ ਘਟਾਇਆ ਜਾ ਸਕਦਾ ਹੈ।

## ਕਮਾਈ ਦੀ ਜਾਣਕਾਰੀ ਦਿਓ

ਤੁਹਾਨੂੰ ਉਹਨਾਂ **ਸਾਰੇ** ਕੰਮ, ਤਨਖਾਹਾਂ, ਅਤੇ ਹੋਰ ਆਮਦਨੀਆਂ ਬਾਰੇ EDD ਨੂੰ ਦੱਸਣਾ ਹੋਵੇਗਾ ਜੋ ਤੁਸੀਂ ਉਸ ਹਫਤੇ ਕੀਤੇ ਹਨ, ਨਾ ਕਿ ਜਦੋਂ ਤੁਹਾਨੂੰ ਤਨਖਾਹ ਮਿਲੀ ਸੀ। ਆਪਣੀ ਕਮਾਈ ਦੀ ਸਹੀ ਢੰਗ ਨਾਲ ਰਿਪੋਰਟ ਕਰਨ ਵਿੱਚ ਅਸਫਲਤਾ ਦੇ ਨਤੀਜੇ ਵਜੋਂ ਵਧੀਕ ਭੁਗਤਾਨ ਅਤੇ ਜ਼ੁਰਮਾਨੇ ਦੇਣੇ ਪੈ ਸਕਦੇ ਹਨ।

ਰਿਪੋਰਟ ਕਰਨ ਵਾਲੀਆਂ ਆਮਦਨ ਦੀਆਂ ਕਿਸਮਾਂ:

- ਛੋਟਾ ਕੰਮ
- ਵਿਹਲੇ ਸਮੇਂ ਦੀ ਤਨਖਾਹ
- ਜਿਊਰੀ ਦੀ ਫੀਸ
- ਕਮਿਸ਼ਨ
- ਗਵਾਹ ਫੀਸ
- ਮੁੜ ਵਰਤੋਂ ਤਨਖਾਹ
- ਛੁੱਟੀਆਂ ਦੀ ਤਨਖਾਹ
- ਹੋਲਡਿੰਗ ਫ਼ੀਸ
- ਬਕਾਇਆ
- ਪੁਰਸਕਾਰ
- ਵਰਕਰਜ਼ ਮੁਆਵਜ਼ਾ ਪੈਨਸ਼ਨ, ਰਿਟਾਇਰਮੈਂਟ, ਐਨੂਅਟੀ
- ਛੁੱਟੀਆਂ ਦੀ ਤਨਖ਼ਾਹ
- ਨੋਟਿਸ ਦੇ ਬਦਲੇ ਭੁਗਤਾਨ
- ਬੋਨਸ
- ਟਿੱਪ
- ਸਵੈ-ਰੁਜ਼ਗਾਰ ਦੀ ਆਮਦਨ
- ਹੜਤਾਲ ਲਾਭ/ਢੁਆਈ ਤਨਖਾਹ
- ਸਟੈਂਡਬਾਏ ਤਨਖਾਹ
- ਮੌਤ
- ਬੈਕ-ਪੇਅ
- ਭੁਗਤਾਨ ਸਮੇਤ ਬਿਮਾਰੀ ਦੀ ਛੁੱਟੀ

**ਨੋਟ:** ਜਦੋਂ ਤੁਸੀਂ ਕੰਮ ਕਰਦੇ ਹੋ ਤਾਂ ਤੁਹਾਨੂੰ ਉਸ ਪੈਸੇ ਦੀ ਬਜਾਏ ਤੁਹਾਨੂੰ ਬੋਰਡ, ਰਿਹਾਇਸ਼, ਖਾਣੇ, ਜਾਂ ਕੋਈ ਹੋਰ ਭੁਗਤਾਨ ਦੀ ਰਿਪੋਰਟ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਤਨਖ਼ਾਹ ਦੀ ਰਿਪੋਰਟ ਕਿਵੇਂ ਕਰਨੀ ਹੈ ਬਾਰੇ ਪਤਾ ਨਹੀਂ ਹੈ, ਤਾਂ EDD ਨਾਲ ਸੰਪਰਕ ਕਰੋ।

## ਪੈਨਸ਼ਨ ਜਾਂ ਰਿਟਾਇਰਮੈਂਟ ਭੁਗਤਾਨ

ਜੇਕਰ ਤੁਸੀਂ ਕਿਸੇ ਪੈਨਸ਼ਨ, ਰਿਟਾਇਰਮੈਂਟ ਦੀ ਤਨਖਾਹ, ਐਨੂਅਟੀ, ਜਾਂ ਤੁਹਾਡੇ ਪਿਛਲੇ ਕੰਮ ਦੇ ਆਧਾਰ ਤੇ ਹੋਰ ਸਮਾਨ ਭੁਗਤਾਨ ਪ੍ਰਾਪਤ ਕਰ ਰਹੇ ਹੋ ਤਾਂ UI ਲਾਭ ਘਟਾਇਆ ਜਾ ਸਕਦਾ ਹੈ।
ਸੋਸ਼ਲ ਸਿਕਉਰਿਟੀ ਲਾਭ UI ਲਾਭਾਂ ਵਿਚੋਂ ਕਟੌਤੀ ਯੋਗ ਨਹੀਂ ਹਨ ਅਤੇ ਇਨ੍ਹਾਂ ਦੀ EDD ਨੂੰ ਰਿਪੋਰਟ ਕਰਨ ਦੀ

ਲੋੜ ਨਹੀਂ ਹੁੰਦੀ।

## ਪਾਰਟ ਟਾਈਮ ਕੰਮ

ਜੇਕਰ ਤੁਸੀਂ ਫੁੱਲ-ਟਾਈਮ ਤੋਂ ਘੱਟ ਕੰਮ ਕਰਦੇ ਹੋ, ਤਾਂ ਤੁਹਾਨੂੰ EDD ਨੂੰ ਉਸ ਕੰਮ ਦੀ ਰਿਪੋਰਟ ਕਰਨ ਦੀ ਲੋੜ ਹੁੰਦੀ ਹੈ। ਲੇਕਿਨ, ਤੁਸੀਂ ਫੇਰ ਵੀ ਅੰਸ਼ਕ UI ਲਾਭਾਂ ਲਈ ਯੋਗ ਹੋ ਸਕਦੇ ਹੋ। ਪਹਿਲੇ $25 ਜਾਂ ਹਫ਼ਤੇ ਲਈ ਤੁਹਾਡੀ ਕੁੱਲ ਕਮਾਈ ਦਾ 25 ਪ੍ਰਤੀਸ਼ਤ (ਜੋ ਵੀ ਜ਼ਿਆਦਾ ਹੋਵੇ) ਤੁਹਾਡੇ ਲਾਭ ਦੀ ਰਕਮ ਵਿੱਚ ਗਿਣਿਆ ਨਹੀਂ ਜਾਵੇਗਾ। ਬਾਕੀ ਰਹਿੰਦੀ ਰਕਮ ਨੂੰ ਤੁਹਾਡੀ ਹਫਤਾਵਾਰੀ ਲਾਭ ਰਕਮ ਵਿੱਚੋਂ ਕੱਟ ਲਿਆ ਜਾਵੇਗਾ।

ਉਦਾਹਰਨ 1:

ਤੁਹਾਡਾ ਹਫਤਾਵਾਰੀ ਲਾਭ $50 ਹੈ। ਤੁਸੀਂ $30 ਕਮਾਉਂਦੇ ਹੋ। ਤੁਹਾਨੂੰ $30 ਦੀ ਰਿਪੋਰਟ ਕਰਨੀ ਚਾਹੀਦੀ ਹੈ; ਹਾਲਾਂਕਿ, ਪਹਿਲੇ $25 ਦੀ ਗਿਣਤੀ ਨਹੀਂ ਕੀਤੀ ਜਾਂਦੀ ਹੈ, ਇਸ ਤੋਂ ਬਾਅਦ ਤੁਹਾਡੀ ਹਫਤਾਵਾਰੀ ਲਾਭ ਰਕਮ ਵਿੱਚੋਂ $5 ਦੀ ਕਟੌਤੀ ਕੀਤੀ ਜਾਂਦੀ ਹੈ। ਤੁਹਾਨੂੰ UI ਲਾਭਾਂ ਵਿੱਚ $45 ($50 ਵਿੱਚੋਂ $5 ਘਟਾ ਕੇ) ਮਿਲਣਗੇ।

ਉਦਾਹਰਨ 2:

ਤੁਹਾਡਾ ਹਫਤਾਵਾਰੀ ਲਾਭ $400 ਹੈ। ਤੁਸੀਂ $200 ਕਮਾਉਂਦੇ ਹੋ। ਤੁਹਾਨੂੰ $200 ਦੀ ਰਿਪੋਰਟ ਕਰਨੀ ਚਾਹੀਦੀ ਹੈ; ਹਾਲਾਂਕਿ, ਪਹਿਲੇ 25 ਪ੍ਰਤੀਸ਼ਤ ($50) ਦੀ ਗਿਣਤੀ ਨਹੀਂ ਕੀਤੀ ਜਾਂਦੀ ਹੈ, ਇਸ ਤੋਂ ਬਾਅਦ ਤੁਹਾਡੀ ਹਫਤਾਵਾਰੀ ਲਾਭ ਰਕਮ ਵਿੱਚੋਂ $150 ਕੱਟੇ ਜਾਂਦੇ ਹਨ। ਤੁਹਾਨੂੰ UI ਲਾਭਾਂ ਵਿੱਚ $250 ($400 ਵਿੱਚੋਂ $150 ਘਟਾ ਕੇ) ਮਿਲਣਗੇ।

## ਤੁਹਾਡੀ ਯੋਗਤਾ ਕਿਵੇਂ ਨਿਰਧਾਰਤ ਹੁੰਦੀ ਹੈ

ਯੋਗ ਬਣਨ ਲਈ, ਤੁਸੀਂ ਹੋਣੇ ਚਾਹੀਦੇ ਹੋ:

- ਤੁਸੀਂ ਆਪਣੀ ਕਿਸੇ ਗਲਤੀ ਤੋਂ ਬਿਨਾ ਕੰਮ ਤੋਂ ਬਾਹਰ ਹੋ।
- ਸਰੀਰਕ ਤੌਰ ਤੇ ਕੰਮ ਕਰਨ ਦੇ ਯੋਗ ਹੋ।
- ਕੰਮ ਸਵੀਕਾਰ ਕਰਨ ਲਈ ਤਿਆਰ ਹੋ।
- ਕੰਮ ਦੀ ਸਰਗਰਮੀ ਨਾਲ ਤਲਾਸ਼ ਕਰ ਰਹੇ ਹੋ।

ਜੇਕਰ ਤੁਹਾਨੂੰ ਕੰਮ ਤੋਂ ਹਟਾ ਦਿੱਤਾ ਗਿਆ ਸੀ, ਤਾਂ ਤੁਹਾਨੂੰ ਤੁਹਾਡੀ ਗਲਤੀ ਤੋਂ ਬਿਨ੍ਹਾਂ ਕੰਮ ਤੋਂ ਬਾਹਰ ਮੰਨਿਆ ਜਾਂਦਾ ਹੈ।

ਜੇਕਰ ਤੁਸੀਂ ਆਪਣੀ ਪਿਛਲੀ ਨੌਕਰੀ ਛੱਡ ਦਿੱਤੀ ਹੈ, ਨੌਕਰੀ ਤੋਂ ਕੱਢ ਦਿੱਤੇ ਗਏ ਸੀ, ਜਾਂ ਹੜਤਾਲ ਜਾਂ ਤਾਲਾਬੰਦੀ ਕਰਕੇ ਬੇਰੁਜ਼ਗਾਰ ਹੋ, ਤਾਂ EDD ਤੁਹਾਡੇ ਨਾਲ ਇੱਕ ਫੋਨ ਇੰਟਰਵਿਊ ਤਹਿ ਕਰੇਗਾ ਤਾਂਕਿ ਤੁਹਾਡੇ ਵੱਲੋਂ ਕੰਮ ਨਾ ਕੀਤੇ ਜਾਣ ਦੇ ਕਾਰਨ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਸਕੇ। ਤੁਹਾਡੀ ਫੋਨ ਇੰਟਰਵਿਊ ਮੁਕੰਮਲ ਹੋਣ ਤੱਕ, ਤੁਹਾਡੀ ਲਾਭਾਂ ਲਈ ਪੁਸ਼ਟੀ ਹੋਣ ਤੱਕ, ਅਤੇ EDD ਵੱਲੋਂ ਤੁਹਾਡੀ ਯੋਗਤਾ ਨਿਰਧਾਰਤ ਕਰਨ ਤੱਕ ਤੁਹਾਡੇ UI ਲਾਭਾਂ ਦਾ ਭੁਗਤਾਨ ਨਹੀਂ ਕੀਤਾ ਜਾ ਸਕਦਾ ਹੈ।

ਤੁਹਾਨੂੰ ਜਾਣਕਾਰੀ ਇਕੱਠੀ ਕਰਨ, ਗਵਾਹਾਂ ਨਾਲ ਸੰਪਰਕ ਕਰਨ ਜਾਂ ਪ੍ਰਤੀਨਿਧ ਦੀ ਸਲਾਹ ਪ੍ਰਾਪਤ ਕਰਨ ਲਈ ਹੋਰ ਸਮਾਂ ਮੰਗਣ ਦਾ ਅਧਿਕਾਰ ਹੈ। ਜੇਕਰ ਯੋਗਤਾ ਮੁੱਦੇ ਵਿੱਚ ਇੱਕ ਰੁਜ਼ਗਾਰਦਾਤਾ ਸ਼ਾਮਲ ਹੁੰਦਾ ਹੈ, ਤਾਂ EDD ਰੁਜ਼ਗਾਰਦਾਤਾ ਨੂੰ ਸੰਪਰਕ ਕਰ ਸਕਦਾ ਹੈ।

ਜੇਕਰ ਤੁਹਾਨੂੰ ਵਧੇਰੇ ਜਾਣਕਾਰੀ ਲਈ ਇੱਕ ਲਿਖਤੀ ਬੇਨਤੀ ਭੇਜੀ ਗਈ ਹੈ ਅਤੇ ਤੁਸੀਂ ਮੇਲ ਦੁਆਰਾ ਜਵਾਬ ਦਿੰਦੇ ਹੋ, ਤਾਂ EDD ਇੰਟਰਵਿਊ ਕਰਤਾ ਤੁਹਾਡੀ ਯੋਗਤਾ ਨਿਰਧਾਰਤ ਕਰਨ ਲਈ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਕਰੇਗਾ।

ਜੇਕਰ ਤੁਹਾਨੂੰ ਤੁਹਾਡੇ ਦਾਅਵੇ ਦੌਰਾਨ ਕਿਸੇ ਵੀ ਕਾਰਨ ਕਰਕੇ ਲਾਭ ਨਹੀਂ ਦਿੱਤੇ ਜਾਂਦੇ ਹਨ, ਜਿਸ ਵਿੱਚ

ਕਿਸੇ ਦਾਅਵੇ ਲਈ ਲੋੜੀਂਦੀ ਤਨਖਾਹ ਸ਼ਾਮਲ ਹੈ, ਤਾਂ ਤੁਹਾਨੂੰ ਇੱਕ ਲਿਖਤ *Notice of Determination,* DE 1080CZ, (ਨਿਰਧਾਰਨ ਦਾ ਨੋਟਿਸ) ਭੇਜਿਆ ਜਾਵੇਗਾ ਜਿਸ ਵਿੱਚ ਤੁਸੀਂ ਕਾਰਨ ਦੇ ਸਕਦੇ ਹੋ ਇਸ ਵਿੱਚ ਤੁਹਾਡੇ ਅਪੀਲ ਅਧਿਕਾਰ ਵੀ ਹੁੰਦੇ ਹਨ।

**ਮਹੱਤਵਪੂਰਨ:** ਜੇਕਰ ਤੁਸੀਂ ਇੰਟਰਵਿਊ ਲਈ ਉਪਲਬਧ ਨਹੀਂ ਹੁੰਦੇ ਹੋ ਜਾਂ ਲੋੜੀਂਦੀ ਜਾਣਕਾਰੀ ਨੂੰ ਜਮ੍ਹਾ ਨਹੀਂ ਕਰਦੇ ਹੋ ਤਾਂ ਤੁਹਾਡੇ ਲਾਭਾਂ ਵਿੱਚ ਦੇਰੀ ਹੋ ਸਕਦੀ ਹੈ ਜਾਂ ਉਨ੍ਹਾਂ ਨੂੰ ਅਸਵੀਕਾਰ ਕੀਤਾ ਜਾ ਸਕਦਾ ਹੈ। EDD ਉਪਲਬਧ ਜਾਣਕਾਰੀ ਦੇ ਆਧਾਰ ਤੇ ਯੋਗਤਾ ਦਾ ਫ਼ੈਸਲਾ ਕਰੇਗਾ।

## ਅਪੀਲ ਦੀ ਪ੍ਰਕਿਰਿਆ

ਜੇਕਰ ਤੁਹਾਨੂੰ UI ਲਾਭ ਨਹੀਂ ਦਿੱਤੇ ਜਾਂਦੇ ਹਨ, ਤਾਂ *ਤੁਹਾਨੂੰ Appeal Form,*(DE 1000M) ਹੋ, ਤਾਂ ਤੁਸੀਂ ਅਜੇ ਵੀ ਫਾਰਮ ਨੂੰ ਭਰ ਕੇ ਅਤੇ ਡਾਕ ਰਾਹੀਂ ਭੇਜ ਕੇ ਫੈਸਲੇ ਤੇ ਅਪੀਲ ਕਰਨ ਦਾ ਕਾਨੂੰਨੀ ਹੱਕ ਹੈ। ਸਮੇਂ ਸਿਰ ਵਿਚਾਰ ਕਰਨ ਲਈ, ਇਹ *Notice of Determination,*(DE 1080CZ) ਦੇਰੀ ਲਈ ਚੰਗਾ ਕਾਰਨ ਦੇਣਾ ਚਾਹੀਦਾ ਹੈ। ਮੇਲ ਕਰਨ ਮਿਤੀ ਤੋਂ 30 ਕੈਲੰਡਰ ਦਿਨਾਂ ਦੇ ਅੰਦਰ ਡਾਕ ਰਾਹੀਂ ਭੇਜਿਆ ਜਾਣਾ ਚਾਹੀਦਾ ਹੈ। ਜੇਕਰ ਤੁਸੀਂ 30-ਦਿਨ ਦੀ ਆਖਰੀ ਮਿਤੀ ਨੂੰ ਗੁਆਉਂਦੇ ਹੋ, ਤਾਂ ਤੁਸੀਂ ਅਜੇ ਵੀ ਅਪੀਲ ਕਰ ਸਕਦੇ ਹੋ, ਪਰ ਤੁਹਾਨੂੰ ਦੇਰੀ ਲਈ ਚੰਗਾ ਕਾਰਨ ਦੇਣਾ ਚਾਹੀਦਾ ਹੈ।

ਤੁਹਾਡੀ ਅਪੀਲ ਇੱਕ ਸੁਤੰਤਰ ਪ੍ਰਸ਼ਾਸਨਿਕ ਕਾਨੂੰਨੀ ਜੱਜ ਦੁਆਰਾ ਸੁਣੀ ਜਾਵੇਗੀ। ਸੁਣਵਾਈਆਂ ਗੈਰ ਰਸਮੀ ਹੁੰਦੀਆਂ ਹਨ, ਪਰ ਸਾਰੀਆਂ ਗਵਾਹੀਆਂ ਸਹੁੰ ਅਧੀਨ ਸੁਣੀਆਂ ਜਾਂਦੀਆਂ ਹਨ ਅਤੇ ਇਹ ਸਵਾਲ-ਜਵਾਬ ਦੇ ਅਧੀਨ ਹੁੰਦੀਆਂ ਹਨ। ਅਪੀਲ ਦਫ਼ਤਰ ਤੁਹਾਨੂੰ ਸੂਚਿਤ ਕਰੇਗਾ ਕਿ ਸੁਣਵਾਈ ਕਦੋਂ ਅਤੇ ਕਿੱਥੇ ਹੋਵੇਗੀ।

ਸੁਣਵਾਈ ਤੋਂ ਪਹਿਲਾਂ, ਤੁਹਾਡੇ ਕੋਲ ਤੁਹਾਡੀ ਅਪੀਲ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਰਿਕਾਰਡਾਂ ਦੀ ਸਮੀਖਿਆ ਕਰਨ ਦਾ ਅਧਿਕਾਰ ਹੁੰਦਾ ਹੈ। ਉਹ ਰਿਕਾਰਡ ਕੈਲੀਫ਼ੋਰਨੀਆ ਬੇਰੁਜ਼ਗਾਰ ਬੀਮਾ ਅਪੀਲ ਬੋਰਡ (CUIAB) ਦੁਆਰਾ ਦਿੱਤੇ ਜਾਂਦੇ ਹਨ। ਤੁਸੀਂ ਆਪਣੀ ਸੁਣਵਾਈ ਲਈ ਤਿਆਰੀ ਕਰਨ ਲਈ EDD ਤੋਂ ਰਿਕਾਰਡਾਂ ਦੀ ਬੇਨਤੀ ਕਰ ਸਕਦੇ ਹੋ।

ਸੁਣਵਾਈ ਤੇ, ਤੁਹਾਡੀ ਆਪਣੇ ਦੁਆਰਾ, ਇੱਕ ਯੂਨੀਅਨ ਅਧਿਕਾਰੀ, ਇੱਕ ਵਕੀਲ, ਜਾਂ ਕਿਸੇ ਹੋਰ ਦੁਆਰਾ ਪ੍ਰਤਿਨਿਧਤਾ ਕੀਤੀ ਜਾ ਸਕਦੀ ਹੈ। ਤੁਸੀਂ ਆਪਣੇ ਕੇਸ ਦੇ ਸਮਰੱਥਨ ਲਈ ਕੋਈ ਢੁਕਵੇਂ ਦਸਤਾਵੇਜ਼ ਲਿਆ ਸਕਦੇ ਹੋ।

ਸੁਣਵਾਈ ਤੋਂ ਬਾਅਦ, ਤੁਹਾਨੂੰ ਪ੍ਰਬੰਧਕੀ ਕਾਨੂੰਨ ਜੱਜ ਦੇ ਫੈਸਲੇ ਭੇਜ ਦਿੱਤੇ ਜਾਂਦੇ ਹਨ। ਜੇਕਰ ਤੁਸੀਂ ਸੰਤੁਸ਼ਟ ਨਹੀਂ ਹੁੰਦੇ ਹੋ, ਤੁਸੀਂ CUIAB ਨੂੰ ਦੂਜੀ ਪੱਧਰ ਦੀ ਅਪੀਲ ਕਰ ਸਕਦੇ ਹੋ।

ਮੌਜੂਦਾ ਮਾਮਲਾ ਅਧਿਐਨ ਸਮੇਤ UI ਕੋਡ ਕਿਵੇਂ ਲਾਗੂ ਕੀਤਾ ਜਾਂਦਾ ਹੈ ਇਸ ਬਾਰੇ ਜਾਣਕਾਰੀ ਲਈ, ਔਨਲਾਈਨ Benefit Determination Guide (edd.ca.gov/uibdg) ਦੇਖੋ।

**ਮਹੱਤਵਪੂਰਨ:** ਜਦੋਂ ਤੁਹਾਡਾ ਦਾਅਵਾ ਅਪੀਲ ਅਧੀਨ ਹੁੰਦਾ ਹੈ ਤਾਂ ਤੁਹਾਨੂੰ ਲਾਭਾਂ ਲਈ ਤਸਦੀਕ ਕਰਨਾ ਜਾਰੀ ਰੱਖਣਾ ਜ਼ਰੂਰੀ ਹੁੰਦਾ ਹੈ। ਜੇਕਰ ਮੂਲ ਫੈਸਲਾ ਵਾਪਸ ਲੈ ਲਿਆ ਜਾਂਦਾ ਹੈ, ਤਾਂ EDD ਤੁਹਾਡੇ ਲਈ ਸਾਰੇ ਵਾਪਸ ਭੁਗਤਾਨਾਂ ਨੂੰ ਤੁਰੰਤ ਜਾਰੀ ਕਰ ਸਕਦਾ ਹੈ। **ਪਾਲਣਾ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਤੁਹਾਡੇ ਲਾਭਾਂ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਜਾਂ ਦੇਣ ਵਿੱਚ ਦੇਰੀ ਹੋ ਸਕਦੀ ਹੈ।**

## ਦਾਅਵਾ ਰੱਦ ਕਰਨਾ

ਜੇਕਰ ਤੁਸੀਂ ਹੇਠ ਲਿਖਿਆਂ **ਸਾਰੀਆਂ** ਸ਼ਰਤਾਂ ਨੂੰ ਪੂਰਾ ਕਰਦੇ ਹੋ ਤਾਂ ਤੁਸੀਂ ਦਾਅਵੇ ਨੂੰ ਰੱਦ ਕਰ ਸਕਦੇ ਹੋ:

- ਕੋਈ ਲਾਭ ਨਹੀਂ ਦਿੱਤੇ ਗਏ ਹਨ।
- ਯੋਗਤਾ ਦੇ ਮੁੱਦੇ ਕਾਰਨ ਤੁਹਾਨੂੰ ਲਾਭਾਂ ਲਈ ਅਯੋਗ ਨਹੀਂ ਕੀਤਾ ਜਾਂਦਾ ਹੈ।

- ਦਾਅਵੇ ਤੇ ਜ਼ਿਆਦਾ ਅਦਾਇਗੀ ਨਹੀਂ ਕੀਤੀ ਗਈ ਹੈ।
- ਤੁਸੀਂ 52 ਹਫਤਿਆਂ ਦਾ ਲਾਭ ਸਾਲ ਖਤਮ ਹੋਣ ਤੋਂ ਪਹਿਲਾਂ EDD ਨੂੰ ਸੂਚਿਤ ਕਰਦੇ ਹੋ।

ਇੱਕ ਵਾਰ ਦਾਅਵਾ ਰੱਦ ਹੋਣ ਤੋਂ ਬਾਅਦ, ਇਸ ਨੂੰ ਉਸੇ ਸ਼ੁਰੂਆਤੀ ਮਿਤੀ ਨਾਲ ਮੁੜ ਸਥਾਪਿਤ ਨਹੀਂ ਕੀਤਾ ਜਾ ਸਕਦਾ ਹੈ। ਤੁਹਾਨੂੰ ਇੱਕ ਨਵਾਂ ਦਾਅਵਾ ਫਾਈਲ ਕਰਨਾ ਚਾਹੀਦਾ ਹੈ, ਜਿਸਦੀ ਸ਼ੁਰੂਆਤੀ ਮਿਤੀ ਬਾਅਦ ਦੀ ਹੋਵੇਗੀ।

## ਬੇਰੁਜ਼ਗਾਰੀ ਬੀਮਾ ਦੁਆਰਾ ਕਵਰ ਨਹੀਂ ਕੀਤੇ ਗਏ ਕਰਮਚਾਰੀ

ਆਮ ਤੌਰ ਤੇ ਹੇਠ ਦਿੱਤੇ ਵਰਕਰਾਂ ਦੇ ਸਮੂਹ ਕਵਰ ਨਹੀਂ ਕੀਤੇ ਜਾਂਦੇ ਹਨ:

- ਚੁਣੇ ਗਏ ਅਧਿਕਾਰੀ
- ਸਵੈ-ਰੁਜ਼ਗਾਰ, ਜਦ ਤੱਕ ਕਿ ਚੋਣਵੀਂ ਕਵਰੇਜ ਵਿੱਚ ਹਿੱਸਾ ਨਹੀਂ ਲੈਂਦੇ ਹਨ।
- ਸਕੂਲ ਜਾਂ ਐਜੂਕੇਸ਼ਨ ਸੰਸਥਾ ਵਿੱਚ ਭਰਤੀ ਹੋਏ ਹੋ ਜਾਂ ਨਿਯਮਤ ਤੌਰ ਤੇ ਕਲਾਸ ਵਿੱਚ ਜਾਂਦੇ ਹੋ ਜਿੱਥੇ ਕੰਮ ਕਰਦੇ ਹੋ।
- ਇੱਕ ਲਿਮਿਟੇਡ ਦੇਨਦਾਰੀ ਕੰਪਨੀ (LLC) ਦੇ ਮੈਂਬਰ ਜਿਨ੍ਹਾਂ ਨੂੰ ਫੈਡਰਲ ਇਨਕਮ ਟੈਕਸ ਰਿਪੋਰਟਿੰਗ ਉਦੇਸ਼ਾਂ ਲਈ ਇੱਕ ਭਾਗੀਦਾਰ ਮੰਨਿਆ ਜਾਂਦਾ ਹੈ।
- ਵਿਦਿਆਰਥੀ ਦਾ ਜੀਵਨ ਸਾਥੀ ਜੋ ਵਿੱਦਿਅਕ ਤੌਰ ਤੇ ਵਿਦਿਆਰਥੀ ਦੀ ਸਹਾਇਤਾ ਕਰਨ ਦੇ ਉਦੇਸ਼ ਲਈ ਮੁਹੱਈਆ ਕੀਤੇ ਗਏ ਇੱਕ ਰੁਜ਼ਗਾਰ ਪ੍ਰੋਗਰਾਮ ਵਿੱਚ ਕਿਸੇ ਵਿਦਿਅਕ ਸੰਸਥਾ ਲਈ ਕੰਮ ਕਰਦਾ ਹੈ।
- ਆਪਣੇ ਬੱਚਿਆਂ ਦੁਆਰਾ ਰੁਜ਼ਗਾਰ ਪ੍ਰਾਪਤ ਮਾਤਾ-ਪਿਤਾ।
- ਇੱਕ-ਦੂਜੇ ਦੁਆਰਾ ਰੁਜ਼ਗਾਰ ਪ੍ਰਾਪਤ ਕਰਦੇ ਪਤੀ ਅਤੇ ਪਤਨੀਆਂ।
- ਕੁੱਝ ਰਾਜ ਦੁਆਰਾ ਜਾਰੀ ਕੀਤੇ ਲਾਇਸੈਂਸਸ਼ੁਦਾ ਸੇਲਜ਼ਪਰਸਨਜ਼ ਨੂੰ ਕਮਿਸ਼ਨ ਰਾਹੀਂ ਭੁਗਤਾਨ ਕੀਤਾ ਜਾਂਦਾ ਹੈ।
- ਕੈਡੀ ਅਤੇ ਜੌਕੀ।

ਜੇਕਰ ਤੁਹਾਨੂੰ ਯਕੀਨ ਨਹੀਂ ਹੈ ਕਿ ਤੁਸੀਂ ਕਵਰ ਹੋ ਜਾਂ ਨਹੀਂ, ਤਾਂ ਤੁਹਾਨੂੰ ਆਪਣੇ ਅਧਿਕਾਰ ਨਹੀਂ ਛੱਡਨੇ ਚਾਹੀਦੇ ਹਨ। ਜ਼ਿਆਦਾ ਜਾਣਕਾਰੀ ਲਈ EDD ਨਾਲ ਸੰਪਰਕ ਕਰੋ।

## ਚੋਣਵੀ ਕਵਰੇਜ

ਕੁੱਝ ਸ਼ਰਤਾਂ ਤਹਿਤ, ਉਹਨਾਂ ਵਿਅਕਤੀਆਂ ਦੇ ਰੁਜ਼ਗਾਰਦਾਤਾ, ਜਿਨ੍ਹਾਂ ਦੀਆਂ ਸੇਵਾਵਾਂ ਕਵਰ ਨਹੀਂ ਕੀਤੀਆਂ ਗਈਆਂ ਹਨ ਉਹ ਸੇਵਾਵਾਂ ਨੂੰ ਕਵਰ ਕਰਨ ਦੀ ਚੋਣ ਕਰ ਸਕਦੇ ਹਨ। ਜੇਕਰ ਤੁਹਾਨੂੰ ਯਕੀਨ ਨਹੀਂ ਹੈ ਕਿ ਤੁਸੀਂ ਲਾਭਾਂ ਲਈ ਯੋਗ ਹੋ ਜਾਂ ਨਹੀਂ, ਤਾਂ EDD ਨਾਲ ਸੰਪਰਕ ਕਰੋ।

## ਦਾਅਵੇ ਦੇ ਪ੍ਰਿੰਟ ਲਈ ਬੇਨਤੀ ਕਰੋ

ਤੁਸੀਂ ਹੇਠ ਦਿੱਤੇ ਢੰਗਾਂ ਵਿੱਚੋਂ ਕਿਸੇ ਇੱਕ ਰਾਹੀਂ ਆਪਣੇ ਦਾਅਵੇ ਦੇ ਪ੍ਰਿੰਟ ਦੀ ਬੇਨਤੀ ਕਰ ਸਕਦੇ ਹੋ:

- UI Online (edd.ca.gov/UI_Online) ਉੱਤੇ ਜਾ ਕੇ ਇੱਕ ਖਾਤਾ ਬਣਾਓ। Claim History ਦੀ ਚੋਣ ਕਰੋ ਅਤੇ ਪ੍ਰਿੰਟ ਕਰੋ।
- EDD ਨੂੰ 1-800-300-5616 ਤੇ ਕਾਲ ਕਰੋ।

## ਵਿਸ਼ੇਸ਼ ਪ੍ਰੋਗਰਾਮ

**ਕੈਲੀਫੋਰਨੀਆ ਸਿਖਲਾਈ ਲਾਭ** (CTB)

ਜੇਕਰ ਤੁਸੀਂ UI ਲਾਭ ਪ੍ਰਾਪਤ ਕਰਦੇ ਸਮੇਂ ਸਕੂਲ ਜਾਂਦੇ ਹੋ ਜਾਂ ਸਿਖਲਾਈ ਪ੍ਰਾਪਤ ਕਰਦੇ ਹੋ, ਤਾਂ ਤੁਸੀਂ CTB ਪ੍ਰੋਗਰਾਮ ਲਈ ਯੋਗ ਹੋ ਸਕਦੇ ਹੋ।

ਜੇਕਰ ਯੋਗ ਹੁੰਦੇ ਹੋ, ਤਾਂ ਅੱਜ ਦੇ ਲੇਬਰ ਮਾਰਕੀਟ ਵਿਚ ਵਧੇਰੇ ਪ੍ਰਤੀਯੋਗੀ ਹੋਣ ਲਈ ਤੁਸੀਂ EDD-ਮਨਜ਼ੂਰਸ਼ੁਦਾ ਸਿਖਲਾਈ ਜਾਂ ਸਕੂਲ ਪ੍ਰੋਗਰਾਮ ਵਿੱਚ ਹਿੱਸਾ ਲੈ ਕੇ ਆਪਣੀ ਸਿੱਖਿਆ ਨੂੰ ਅੱਗੇ ਵਧਾ ਸਕਦੇ ਹੋ, ਆਪਣੇ ਹੁਨਰ ਨੂੰ ਅਪਗ੍ਰੇਡ ਕਰ ਸਕਦੇ ਹੋ ਅਤੇ/ਜਾਂ ਇੱਕ ਨਵਾਂ ਵਪਾਰ ਸਿੱਖ ਸਕਦੇ ਹੋ।

ਸਕੂਲ ਜਾਂ ਸਿਖਲਾਈ ਦੌਰਾਨ, ਤੁਹਾਨੂੰ ਕੰਮ ਲਈ ਉਪਲਬਧ ਹੋਣ, ਕੰਮ ਲੱਭਣ ਲਈ ਸਰਗਰਮ ਹੋਣ ਅਤੇ ਕੰਮ ਨੂੰ ਸਵੀਕਾਰ ਕਰਨ ਦੀਆਂ ਸ਼ਰਤਾਂ ਤੋਂ ਛੋਟ ਹੋਵੇਗੀ। ਤੁਸੀਂ ਲਾਭਾਂ ਦੇ ਵਾਧੂ ਹਫ਼ਤਿਆਂ ਲਈ ਵੀ ਯੋਗ ਹੋ ਸਕਦੇ ਹੋ। California Training Benefits(edd.ca.gov/unemployment/California_Training _ Benefits.htm) ਤੇ ਹੋਰ ਔਨਲਾਈਨ ਜਾਣਕਾਰੀ ਪ੍ਰਾਪਤ ਕਰੋ।

**ਨੋਟ:** EDD ਕਿਸੇ ਵੀ ਸਿਖਿਆ ਜਾਂ ਸਿਖਲਾਈ-ਸਬੰਧਤ ਖਰਚਿਆਂ ਜਿਵੇਂ ਕਿਟਿਊਸ਼ਨ, ਫੀਸ, ਕਿਤਾਬਾਂ, ਸਪਲਾਈ ਜਾਂ ਆਵਾਜਾਈ ਨੂੰ ਕਵਰ **ਨਹੀਂ** ਕਰਦਾ ਹੈ। ਹਾਲਾਂਕਿ, ਅਜਿਹੇ ਰਾਜ, ਫੈਡਰਲ, ਜਾਂ ਰੁਜ਼ਗਾਰਦਾਤਾ ਪ੍ਰੋਗਰਾਮ ਉਪਲਬਧ ਹਨ ਜੋ ਤੁਹਾਡੇ ਸਕੂਲ ਜਾਂ ਸਿਖਲਾਈ ਲਈ ਫੰਡ ਦੇ ਸਕਦੇ ਹਨ।

## **ਸਿਖਲਾਈ ਐਕਸਟੈਂਸ਼ਨ** (TE)

TE ਉਹਨਾਂ ਵਿਅਕਤੀਆਂ ਨੂੰ ਵਾਧੂ ਲਾਭ ਪ੍ਰਦਾਨ ਕਰਦੀ ਹੈ ਜਿਨ੍ਹਾਂ ਨੂੰ ਸਕੂਲ ਜਾਂ ਸਿਖਲਾਈ ਪੂਰੀ ਕਰਨ ਵੇਲੇ CTB ਦੇਣ ਦੀ ਮਨਜ਼ੂਰੀ ਮਿਲ ਗਈ ਹੋਵੇ। ਹਰੇਕ CTB- ਮਨਜ਼ੂਰਸ਼ੁਦਾ ਸਿਖਲਾਈ ਦੀ ਮਿਆਦ ਲਈ ਸਿਰਫ ਇੱਕ ਹੀ TE ਦੀ ਇਜਾਜ਼ਤ ਹੈ।

ਜੇਕਰ ਦਿਲਚਸਪੀ ਹੋਵੇ, ਤਾਂ ਤੁਹਾਨੂੰ 16ਵੇਂ ਹਫ਼ਤੇ ਦੇ UI ਲਾਭ ਪ੍ਰਾਪਤ ਕਰਨ ਤੋਂ ਪਹਿਲਾਂ TE ਬਾਰੇ ਪੁੱਛ-ਗਿੱਛ ਕਰਨ ਲਈ EDD ਨਾਲ ਸੰਪਰਕ ਕਰਨਾ ਚਾਹੀਦਾ ਹੈ। ਉਨ੍ਹਾਂ ਦਾਅਵਿਆਂ ਲਈ ਜਿਨ੍ਹਾਂ ਕੋਲ 16 ਹਫ਼ਤਿਆਂ ਤੋਂ ਘੱਟ ਲਾਭ ਹਨ, ਤੁਹਾਨੂੰ ਜ਼ੀਰੋ ਬਕਾਏ ਤੇ ਪਹੁੰਚਣ ਤੋਂ ਪਹਿਲਾਂ EDD ਨਾਲ **ਲਾਜ਼ਮੀ** ਸੰਪਰਕ ਕਰਨਾ ਚਾਹੀਦਾ ਹੈ।

## **ਆਪਦਾ ਬੇਰੋਜਗਾਰੀ ਸਹਾਇਤਾ** (DUA)

ਫੈਡਰਲ DUA ਪ੍ਰੋਗਰਾਮ ਉਨ੍ਹਾਂ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ ਜਿਨ੍ਹਾਂ ਦਾ ਰੁਜ਼ਗਾਰ ਜਾਂ ਸਵੈ ਰੁਜ਼ਗਾਰ ਖਤਮ ਹੋ ਗਿਆ ਹੈ ਜਾਂ ਇੱਕ ਵੱਡੀ ਤਬਾਹੀ ਕਾਰਨ ਵਿਘਨ ਆ ਗਿਆ ਹੈ ਅਤੇ ਜੋ ਨਿਯਮਤ UI ਲਾਭਾਂ ਲਈ ਯੋਗ **ਨਹੀਂ** ਹਨ। ਇਹ ਲਾਭ ਸਿਰਫ ਉਦੋਂ ਉਪਲਬਧ ਹੁੰਦੇ ਹਨ ਜਦੋਂ ਸੰਯੁਕਤ ਰਾਜ ਦੇ ਰਾਸ਼ਟਰਪਤੀ ਇੱਕ ਵੱਡੀ ਤਬਾਹੀ ਦਾ ਐਲਾਨ ਕਰਦੇ ਹਨ ਅਤੇ ਇਸ ਵਿਸ਼ੇਸ਼ ਸਹਾਇਤਾ ਨੂੰ ਉਪਲਬਧ ਕਰਵਾਉਂਦੇ ਹਨ।

ਜੇਕਰ DUA ਲਾਭ ਉਪਲਬਧ ਹਨ, ਤਾਂ EDD ਦੀ ਵੈੱਬਸਾਈਟ (edd.ca.gov) ਤੇ ਜਾਣਕਾਰੀ ਪੋਸਟ ਕਰ ਦਿੱਤ ੀ ਜਾਵੇਗੀ।

## **ਵਪਾਰ ਵਿਵਸਥਾ ਸਹਾਇਤਾ** (TAA)/**ਪੁਨਰ-ਰੁਜ਼ਗਾਰ ਵਪਾਰ ਵਿਵਸਥਾ ਸਹਾਇਤਾ** (RTAA)

TAA ਪ੍ਰੋਗਰਾਮ ਫੈਡਰਲ ਸਰਕਾਰ ਦੁਆਰਾ ਫੰਡ ਕੀਤਾ ਗਿਆ ਅਜਿਹਾ ਪ੍ਰੋਗਰਾਮ ਹੈ ਜੋ ਦਰਾਮਦ ਵਧਣ ਕਾਰਨ ਜਾਂ ਉਤਪਾਦਨ ਦੂਸਰੇ ਦੇਸ਼ ਵਿੱਚ ਚਲੇ ਜਾਣ ਕਾਰਨ ਆਪਣੀ ਨੌਕਰੀ ਗਵਾ ਚੁੱਕੇ, ਕੰਮ ਦੇ ਘੰਟਿਆਂ ਅਤੇ ਤਨਖਾਹ ਵਿੱਚ ਕਮੀ ਹੋਣ ਵਾਲੇ US ਦੇ ਲੇਬਰ ਵਿਭਾਗ ਅਧੀਨ ਪ੍ਰਮਾਣਿਤ ਕਾਮਿਆਂ ਨੂੰ ਸਿਖਲਾਈ ਅਤੇ ਸਿਖਲਾਈ ਸਬੰਧੀ ਲਾਭ ਅਤੇ ਸੇਵਾਵਾਂ ਦਿੰਦਾ ਹੈ।

RTAA ਪ੍ਰੋਗਰਾਮ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਤਨਖਾਹ ਦੀ ਸਬਸਿਡੀ ਪ੍ਰਦਾਨ ਕਰਦਾ ਹੈ ਜੋ ਆਪਣੇ ਪਿਛਲੇ ਪ੍ਰਭਾਵਤ ਰੁਜ਼ਗਾਰ ਤੋਂ ਘੱਟ ਤਨਖਾਹ ਪ੍ਰਾਪਰ ਕਰਦੇ ਹਨ।

## **ਵਧਾਏ ਗਏ ਲਾਭ**

ਉਹਨਾਂ ਕਰਮਚਾਰੀਆਂ ਲਈ ਐਕਸਟੈਂਡਡ ਲਾਭ ਉਪਲਬਧ ਹਨ ਜਿਹੜੇ ਨਿਯਮਤ ਬੇਰੁਜ਼ਗਾਰੀ ਬੀਮਾ ਲਾਭ ਖਤਮ ਕਰ ਚੁੱਕੇ ਹਨ ਜਦੋਂ ਬੇਰੁਜ਼ਗਾਰੀ ਦੀ ਦਰ ਰਾਜ ਅਤੇ/ਜਾਂ ਫੈਡਰਲ ਕਾਨੂੰਨ ਦੁਆਰਾ ਸਥਾਪਤ ਇੱਕ ਖ਼ਾਸ ਪ੍ਰਤੀਸ਼ਤ ਦੇ ਬਰਾਬਰ ਜਾਂ ਵੱਧ ਹੁੰਦੀ ਹੈ ਜਾਂ ਜਦੋਂ ਫੈਡਰਲ ਸਰਕਾਰ ਨੇ ਵਿਸ਼ੇਸ਼ ਵਿਸਤ੍ਰਿਤ ਲਾਭ ਕਾਨੂੰਨ ਨੂੰ ਪ੍ਰਵਾਨਗੀ ਦਿੱਤੀ ਹੈ।

## ਰੇਲਰੋਡ ਬੇਰੁਜ਼ਗਾਰੀ ਲਾਭ

ਰੇਲਰੋਡ ਵਰਕਰ US ਰੇਲਰੋਡ ਬੇਰੁਜ਼ਗਾਰੀ ਬੀਮਾ ਐਕਟ ਦੇ ਤਹਿਤ ਲਾਭ ਦਾ ਦਾਅਵਾ ਕਰ ਸਕਦੇ ਹਨ। ਇਹ ਪ੍ਰੋਗਰਾਮ US ਰੇਲਰੋਡ ਰਿਟਾਇਰਮੈਂਟ ਬੋਰਡ (RRB) ਦੁਆਰਾ ਚਲਾਇਆ ਜਾਂਦਾ ਹੈ।

ਦਾਅਵਾ ਫਾਈਲ ਕਰਨ ਲਈ, ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 3:30 ਵਜੇ ਦੇ ਵਿਚਕਾਰ, ਸੋਮਵਾਰ ਤੋਂ ਸ਼ੁੱਕਰਵਾਰ RRB ਪ੍ਰਤਿਨਿਧੀ ਨਾਲ ਗੱਲ ਕਰਨ ਲਈ ਟੋਲ ਫਰੀ ਨੰਬਰ 1-877-772-5772 ਤੇ ਕਾਲ ਕਰੋ ਜਾਂ RRB (rrb.gov) ਤੇ ਔਨਲਾਈਨ ਫਾਈਲ ਕਰੋ।

## ਬੇਰੁਜ਼ਗਾਰੀ ਬੀਮਾ ਧੋਖਾ ਧੜੀ ਰੋਕਥਾਮ ਅਤੇ ਖੋਜ

EDD ਨਿੱਜੀ ਅਤੇ ਗੁਪਤ ਜਾਣਕਾਰੀ ਦੀ ਸੁਰੱਖਿਆ ਨੂੰ ਬਹੁਤ ਗੰਭੀਰਤਾ ਨਾਲ ਲੈਂਦਾ ਹੈ। ਇਸ ਲਈ, ਸਾਨੂੰ ਭੇਜਿਆ ਜਾਂਦਾ ਸਾਰਾ ਡੇਟਾ ਏਨਕ੍ਰਿਪਟ ਕੀਤਾ ਜਾਂਦਾ ਹੈ। ਵਿਅਕਤੀਗਤ ਜਾਣਕਾਰੀ ਨੂੰ ਗਲਤ ਵਰਤੋਂ ਅਤੇ ਪਛਾਣ ਦੀ ਚੋਰੀ ਤੋਂ ਬਚਾਉਣ ਲਈ ਵਾਧੂ ਸੁਰੱਖਿਆ ਉਪਾਅ ਕੀਤੇ ਗਏ ਹਨ।

ਗਲਤ ਵਰਤੋਂ ਉਦੋਂ ਹੁੰਦੀ ਹੈ ਜਦੋਂ ਕੋਈ ਵਿਅਕਤੀ ਕਿਸੇ ਹੋਰ ਵਿਅਕਤੀ ਦੀ ਰੁਜ਼ਗਾਰ ਜਾਂ ਨਿੱਜੀ ਜਾਣਕਾਰੀ ਦੀ ਵਰਤੋਂ ਕਰਕੇ UI ਦਾਅਵਾ ਫਾਈਲ ਕਰਦਾ ਹੈ। EDD ਸਰਗਰਮੀ ਨਾਲ ਗਲਤ ਵਰਤੋਂ ਵਾਲੇ ਮਾਮਲਿਆਂ ਦੀ ਜਾਂਚ ਕਰਦਾ ਹੈ ਅਤੇ ਕਾਨੂੰਨੀ ਦਾਅਵੇਦਾਰਾਂ ਦੀ ਪਛਾਣ ਦੀ ਰੱਖਿਆ ਕਰਨ ਲਈ ਵਚਨਬੱਧ ਹੈ।

ਜੇਕਰ EDD ਨੂੰ ਸ਼ੱਕ ਹੁੰਦਾ ਹੈ ਕਿ ਕੋਈ ਪਛਾਣ ਦਾ ਮਾਮਲਾ ਹੋ ਸਕਦਾ ਹੈ, ਤਾਂ ਤੁਹਾਨੂੰ ਪ੍ਰਦਾਨ ਕੀਤੀ ਜਾਣਕਾਰੀ ਨੂੰ ਪ੍ਰਮਾਣਿਤ ਕਰਨ ਲਈ ਇੱਕ ਲਿਖਤੀ ਬੇਨਤੀ ਮਿਲੇਗੀ। ਅਸੀਂ ਦਸਤਾਵੇਜ਼ਾਂ ਅਤੇ ਤੁਹਾਡੇ ਵੱਲੋਂ ਦਿੱਤੀ ਗਈ ਕਿਸੇ ਵੀ ਕਿਸਮ ਦੀ ਜਾਣਕਾਰੀ ਦੀ ਤਸਦੀਕ ਕਰਨ ਲਈ ਤੁਹਾਡੇ ਸਾਬਕਾ ਰੁਜ਼ਗਾਰਦਾਤਾ (ਕੰਪਨੀ) ਅਤੇ ਸਰਕਾਰੀ ਅਦਾਰਿਆਂ ਨਾਲ ਵੀ ਸੰਪਰਕ ਕਰਾਂਗੇ।

ਵਧੇਰੇ ਜਾਣਕਾਰੀ ਲਈ,Protect Your Identity and Stop Unemployment Insurance Imposter Fraud (DE 2360EE) (PDF) (edd.ca.gov/pdf_pub_ctr/de2360ee.pdf)ਬ੍ਰੋਸ਼ਰ ਡਾਊਨਲੋਡ ਕਰੋ।

UI ਧੋਖਾਧੜੀ ਦੀ ਰਿਪੋਰਟ ਕਰਨ ਲਈ, Ask EDD (askedd.edd.ca.gov) ਤੇ ਜਾਓ ਅਤੇ ਧੋਖਾਧੜੀ ਦੀ ਜਾਣਕਾਰੀ ਨੂੰ ਔਨਲਾਈਨ ਜਮ੍ਹਾਂ ਕਰਾਉਣ ਲਈ Report Fraud ਚੁਣੋ ਜਾਂ EDD ਟੋਲ ਫਰੀ ਧੋਖਾਧੜੀ ਹੌਟਲਾਈਨ 1-800-229-6297 ਤੇ ਕਾਲ ਕਰੋ।

## ਜੁਰਮਾਨੇ

ਲਾਭ ਪ੍ਰਾਪਤ ਕਰਨ ਲਈ ਗਲਤ ਬਿਆਨ ਦੇਣਾ ਜਾਂ ਜਾਣਕਾਰੀ ਲੁਕਾਉਣਾ ਇੱਕ ਘੋਰ ਅਪਰਾਧ ਹੋ ਸਕਦਾ ਹੈ। ਜੁਰਮਾਨੇ ਵਿੱਚ ਲਾਭ ਦਾ ਨੁਕਸਾਨ, ਗਲਤ ਬਿਆਨ ਕਰਕੇ ਅਯੋਗ ਹੋਣਾ, ਅਤੇ/ਜਾਂ ਅਪਰਾਧਕ ਮੁਕੱਦਮੇ ਸ਼ਾਮਲ ਹੋ ਸਕਦੇ ਹਨ।

ਇੱਕ ਗਲਤ ਬਿਆਨ ਕਰਕੇ ਅਯੋਗ ਹੋਣ ਕਾਰਨ ਤੁਹਾਨੂੰ 2 ਤੋਂ 23 ਹਫ਼ਤਿਆਂ ਤੱਕ ਲਾਭ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਅਯੋਗਤਾ ਤੁਹਾਡੇ ਰਿਕਾਰਡ ਵਿੱਚ ਤਿੰਨ ਸਾਲਾਂ ਤੱਕ ਜਾਂ ਸਰਵ ਕਰਨ ਤੱਕ ਰਹੇਗੀ, ਜੋ ਵੀ ਪਹਿਲਾਂ ਆਉਂਦਾ ਹੈ। ਗਲਤ ਬਿਆਨ ਵਾਲੇ ਹਫ਼ਤਿਆਂ ਤੇ ਕਾਨੂੰਨੀ ਕਾਰਵਾਈ ਕਰਨ ਲਈ, ਤੁਹਾਨੂੰ UI ਲਾਭਾਂ ਲਈ ਪ੍ਰਮਾਣਿਕਤਾ ਸਿੱਧ ਕਰਨਾ ਜਾਰੀ ਰੱਖਣਾ ਹੋਵੇਗਾ, ਅਤੇ ਹੋਰ ਸਾਰੀਆਂ ਯੋਗਤਾ ਸ਼ਰਤਾਂ ਨੂੰ ਪੂਰਾ ਕਰਨਾ ਹੋਵੇਗਾ। ਇਸ ਸਮੇਂ ਦੌਰਾਨ ਤੁਹਾਨੂੰ ਭੁਗਤਾਨ ਨਹੀਂ ਕੀਤਾ ਜਾਵੇਗਾ।

## ਲਾਭਾਂ ਦਾ ਔਡਿਟ

EDD ਰੁਜ਼ਗਾਰਦਾਤਾ ਦੀ ਜਾਣਕਾਰੀ ਅਤੇ UI ਦਾਅਵਾ ਜਾਣਕਾਰੀ ਦੀ ਕਰਾਸ-ਰੈਫਰੈਂਸਿੰਗ ਕਰਕੇ ਔਡਿਟ ਕਰਦੀ ਹੈ ਤਾਂ ਜੋ ਇਹ ਪਤਾ ਕੀਤਾ ਜਾ ਸਕੇ ਕਿ ਕੀ ਇੱਕ ਦਾਅਵੇਦਾਰ ਨੇ UI ਲਾਭਾਂ ਨੂੰ ਲੈਣ ਵੇਲੇ EDD ਨੂੰ ਸਾਰੇ ਕੰਮ, ਤਨਖਾਹ ਅਤੇ ਹੋਰ ਆਮਦਨੀ ਦੀ ਸਹੀ ਰਿਪੋਰਟ ਕੀਤੀ ਹੈ। ਇਹਨਾਂ ਆਡਿਟਾਂ ਤੋਂ ਇਕੱਤਰ ਕੀਤੇ ਗਏ ਜ਼ਿਆਦਾ ਭੁਗਤਾਨ ਅਤੇ ਜੁਰਮਾਨੇ UI ਟਰੱਸਟ ਫੰਡ ਦੀ ਸਹਾਇਤਾ ਪ੍ਰਾਪਤ ਕਰਨ ਅਤੇ UI ਟੈਕਸਾਂ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ।

## ਸੋਸ਼ਲ ਸਿਕਿਉਰਿਟੀ ਨੰਬਰ ਤਸਦੀਕ ਕਰਨਾ

EDD ਨੂੰ ਤੁਹਾਨੂੰ ਸੋਸ਼ਲ ਸਿਕਿਉਰਿਟੀ ਐਡਮਨਿਸਟ੍ਰੇਸ਼ਨ (SSA) ਦੁਆਰਾ ਜਾਰੀ ਕੀਤੇ ਆਪਣੇ ਸੋਸ਼ਲ ਸਿਕਿਉਰਿਟੀ ਨੰਬਰ (SSN) ਨੂੰ ਤਸਦੀਕ ਕਰਨ ਦੀ ਮੰਗ ਕਰ ਸਕਦਾ ਹੈ।

ਲਾਭ ਲੈਣ ਲਈ ਤੁਹਾਡੀ ਯੋਗਤਾ ਪ੍ਰਭਾਵਿਤ ਹੋ ਸਕਦੀ ਹੈ ਜੇਕਰ:

- ਪ੍ਰਦਾਨ ਕੀਤਾ ਗਿਆ SSN ਕਿਸੇ ਵੱਖਰੇ ਨਾਮ ਨੂੰ ਦਿੱਤਾ ਗਿਆ ਹੈ ਜਾਂ ਕਿਸੇ ਹੋਰ ਵਿਅਕਤੀ ਨਾਲ ਸਬੰਧਤ ਹੈ।
- SSN ਵੈਧ ਨਹੀਂ ਹੈ।
- SSN ਕਦੇ ਵੀ SSA ਦੁਆਰਾ ਨਹੀਂ ਦਿੱਤਾ ਗਿਆ ਸੀ।
- ਮੂਲ ਮਿਆਦ ਵਿੱਚ ਤਨਖਾਹ ਕਿਸੇ ਹੋਰ ਵਿਅਕਤੀ ਦੀ ਹੈ।
- SSA ਤੇ ਦਿੱਤੀ ਗਈ ਜਨਮ ਮਿਤੀ ਤੁਹਾਡੇ ਵੱਲੋਂ ਦਾਅਵਾ ਫਾਈਲ ਕਰਦੇ ਸਮੇਂ ਦਿੱਤੀ ਗਈ ਜਨਮ ਤਾਰੀਖ਼ ਤੋਂ ਵੱਖਰੀ ਹੈ।

ਜੇਕਰ EDD ਵੱਲੋਂ ਤੁਹਾਨੂੰ ਆਪਣੇ SSN ਦੀ ਤਸਦੀਕ ਕਰਨ ਦੀ ਲੋੜ ਹੁੰਦੀ ਹੈ, ਤਾਂ ਤੁਹਾਨੂੰ ਆਪਣੇ ਸਲਾਨਾ ਸੋਸ਼ਲ ਸਕਿਉਰਟੀ ਸਟੇਟਮੈਂਟ ਦੀ ਇੱਕ ਮੁਕੰਮਲ ਕਾਪੀ ਜਮ੍ਹਾਂ ਕਰਨ ਲਈ ਕਿਹਾ ਜਾ ਸਕਦਾ ਹੈ। ਆਪਣੀ ਪੂਰੀ ਸੋਸ਼ਲ ਸਕਿਉਰਟੀ ਸਟੇਟਮੈਂਟ ਦੀ ਇੱਕ ਕਾਪੀ ਪ੍ਰਾਪਤ ਕਰਨ ਲਈ SSA Online (ssa.gov) ਤੇ ਜਾ
ੳ
ਤੁਹਾਡੇ ਸੋਸ਼ਲ ਸਕਿਉਰਟੀ ਕਾਰਡ ਦੀ ਇੱਕ ਕਾਪੀ ਇਸ ਲੋੜ ਨੂੰ ਪੂਰਾ ਨਹੀਂ ਕਰੇਗੀ।

# ਰਾਜ ਅਪਾਹਜਤਾ ਬੀਮਾ (SDI)

SDI ਵਿੱਚ ਅਪਾਹਜਤਾ ਬੀਮਾ (DI) ਅਤੇ ਭੁਗਤਾਨ ਸਮੇਤ ਪਰਿਵਾਰਕ ਛੁੱਟੀ (PFL) ਸ਼ਾਮਿਲ ਹੈ। ਕੈਲੀਫੋਰਨੀਆ ਦੇ UI ਦੁਆਰਾ ਕਵਰ ਕੀਤੇ ਜ਼ਿਆਦਾਤਰ ਕਾਮੇ SDI ਦੁਆਰਾ ਵੀ ਕਵਰ ਕੀਤੇ ਜਾਂਦੇ ਹਨ। ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਕਰਮਚਾਰੀਆਂ ਦੁਆਰਾ ਆਪਣੀ ਆਮਦਨੀ ਵਿੱਚੋਂ ਕੱਟੇ ਜਾਂਦੇ ਟੈਕਸ ਰਾਹੀਂ ਫੰਡ ਕੀਤਾ ਜਾਂਦਾ ਹੈ।

**ਅਪਵਾਦ:**

- ਸਥਾਨਕ ਜਨਤਕ ਇਕਾਈਆਂ ਦੇ ਕਰਮਚਾਰੀ (ਜ਼ਿਲਾ ਹਸਪਤਾਲਾਂ ਦੇ ਕਰਮਚਾਰੀਆਂ ਨੂੰ ਛੱਡ ਕੇ) SDI ਦੁਆਰਾ ਕਵਰ ਨਹੀਂ ਕੀਤੇ ਜਾਂਦੇ ਹਨ, ਜਦੋਂ ਤੱਕ ਕਿ ਰੁਜ਼ਗਾਰਦਾਤਾ ਅਜਿਹੇ ਕਵਰੇਜ ਦੀ ਚੋਣ ਨਹੀਂ ਕਰਦਾ ਹੈ।
- ਰਾਜ ਦੇ ਕਰਮਚਾਰੀ ਜਾਂ ਰਾਜ ਸਰਕਾਰ ਦੁਆਰਾ ਫੰਡ ਪ੍ਰਾਪਤ ਉੱਚ ਸਿੱਖਿਆ ਸੰਸਥਾਵਾਂ, ਉਹਨਾਂ ਦੀਆਂ ਸਮੂਹਿਕ ਸੌਦੇਬਾਜ਼ੀ ਯੂਨਿਟਾਂ ਦੁਆਰਾ, SDI ਦੁਆਰਾ ਕਵਰ ਕਰਨ ਦੀ ਚੋਣ ਕਰ ਸਕਦੀਆਂ ਹਨ।
- ਸਵੈ-ਰੁਜ਼ਗਾਰ ਵਾਲੇ ਵਿਅਕਤੀ SDI ਦੁਆਰਾ ਕਵਰ ਕੀਤੇ ਜਾ ਸਕਦੇ ਹਨ।

## ਅਪਾਹਜਤਾ ਬੀਮਾ (DI)

DI ਉਨ੍ਹਾਂ ਵਰਕਰਾਂ ਨੂੰ ਘੱਟ ਸਮੇਂ ਦਾ ਅੰਸ਼ਕ ਤਨਖਾਹ ਤਬਦੀਲੀ ਲਾਭ ਪ੍ਰਦਾਨ ਕਰਦਾ ਹੈ ਜੋ ਕਿਸੇ ਗ਼ੈਰ-ਕੰਮ ਨਾਲ

ਸਬੰਧਤ ਬਿਮਾਰੀ ਜਾਂ ਸੱਟ, ਗਰਭਵਤੀ ਹੋਣ ਜਾਂ ਬੱਚੇ ਦੇ ਜਨਮ ਕਾਰਨ ਕੰਮ ਕਰਨ ਤੋਂ ਅਸਮਰੱਥ ਹੁੰਦੇ ਹਨ।

**ਕੋਈ ਦਾਅਵਾ ਕਦੋਂ ਜਮ੍ਹਾਂ ਕਰਨਾ ਹੈ:** ਆਪਣੀ ਅਪੰਗਤਾਤਾ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ ਨੌਂ ਦਿਨਾਂ ਤੋਂ ਬਾਅਦ, ਪਰ ਤੁਹਾਡੀ ਅਪੰਗਤਾਤਾ ਸ਼ੁਰੂ ਹੋਣ ਦੇ 49 ਦਿਨਾਂ ਦੇ ਅੰਦਰ ਆਪਣਾ ਦਾਅਵਾ ਜਮ੍ਹਾ ਕਰੋ ਜਾਂ ਤੁਸੀਂ ਲਾਭ ਗੁਆ ਸਕਦੇ ਹੋ।
ਤੇਜ਼ੀ ਨਾਲ ਪ੍ਰਕਿਰਿਆ ਲਈ, ਆਪਣੇ ਦਾਅਵੇ ਨੂੰ SDI Online ਰਾਹੀਂ ਫਾਈਲ ਕਰੋ।

**ਅਪਵਾਦ:** ਜੇਕਰ ਸ਼ੁਰੂਆਤੀ ਦਾਅਵੇ ਦੇ 60 ਦਿਨਾਂ ਦੇ ਅੰਦਰ ਅੰਦਰ ਉਸੇ ਜਾਂ ਸਬੰਧਿਤ ਕਾਰਨ ਜਾਂ ਸ਼ਰਤ ਲਈ ਦਾਅਵਾ ਫਾਈਲ ਕੀਤਾ ਜਾਂਦਾ ਹੈ, ਤਾਂ ਇਸ ਲਈ ਕੋਈ ਨਵਾਂ ਉਡੀਕ ਸਮਾਂ ਨਹੀਂ ਹੋਵੇਗਾ।

ਦਾਅਵਾ ਫਾਈਲ ਕਰਨ ਲਈ, ਜਾਂ ਹੋਰ ਜਾਣਨ ਲਈ, State Disability Insurance (edd.ca.gov/disability) ਤੇ ਜਾਓ। EDD ਦੇ ਕਰਮਚਾਰੀ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮੀ 5 ਵ ਜੇ (ਪੈਸਿਫਿਕ ਟਾਈਮ) ਤੱਕ ਉਪਲਬਧ ਹੁੰਦੇ ਹਨ, ਰਾਜ ਦੀਆਂ ਛੁੱਟੀ ਨੂ ੰ ਛੱਡ ਕੇ।

DI ਫੋਨ ਨੰਬਰਾਂ ਦੀ ਸੂਚੀ ਲਈ ਪੰਨਾ 19 ਵੇਖੋ।

# ਭੁਗਤਾਨ ਸਮੇਤ ਪਰਿਵਾਰਕ ਛੁੱਟੀ (PFL)

PFL ਉਹਨਾਂ ਵਿਅਕਤੀਆਂ ਲਈ ਅੰਸ਼ਕ ਤਨਖਾਹ ਤਬਦੀਲੀ ਦਾ ਲਾਭ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਬਹੁਤ ਬਿਮਾਰ ਬੱਚੇ, ਮਾਤਾ-ਪਿਤਾ, ਸੱਸ-ਸਹੁਰੇ, ਦਾਦਾ-ਦਾਦੀ, ਪੋਤਾ-ਪੋਤੀ, ਭੈਣ-ਭਰਾ, ਪਤੀ-ਪਤਨੀ, ਜਾਂ ਰਜਿਸਟਰਡ ਘਰੇਲੂ ਸਹਿਭਾਗੀ ਨਾਲ ਸਮਾਂ ਬਿਤਾਉਣ ਦੀ ਲੋੜ ਹੁੰਦੀ ਹੈ। ਉਨ੍ਹਾਂ ਮਾਪਿਆਂ ਲਈ ਵੀ ਲਾਭ ਉਪਲਬਧ ਹਨ ਜਿਹਨਾਂ ਨੂੰ ਜਨਮ, ਗੋਦ-ਲੈਣ ਜਾਂ ਪਾਲਣ-ਪੋਸਣ ਦੇਖਭਾਲ ਪਲੇਸਮੈਂਟ ਰਾਹੀਂ ਪਰਿਵਾਰ ਵਿੱਚ ਆ ਰਹੇ ਇੱਕ ਨਵੇਂ ਬੱਚੇ ਨਾਲ ਬਾਂਡ ਕਰਨ ਲਈ ਸਮੇਂ ਦੀ ਜ਼ਰੂਰਤ ਹੁੰਦੀ ਹੈ। DI ਦੇ ਉਲਟ, ਇੱਥੇ ਕੋਈ ਉਡੀਕ ਸਮਾਂ ਨਹੀਂ ਹੈ।

ਤੁਹਾਡਾ PFL ਦਾਅਵਾ ਤੁਹਾਡੀ ਪਰਿਵਾਰਕ ਛੁੱਟੀ ਦੇ ਪਹਿਲੇ ਦਿਨ ਤੋਂ 41 ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਹੋਣਾ ਚਾਹੀਦਾ ਹੈ। ਜੇ ਤੁਸੀਂ ਇਸ ਸਮਾਂ ਸੀਮਾ ਨੂੰ ਖੁੰਝਦੇ ਹੋ, ਤਾਂ ਤੁਸੀਂ ਉਨ੍ਹਾਂ ਦਿਨਾਂ ਦੀ ਗਿਣਤੀ ਦੇ ਬਰਾਬਰ ਲਾਭ ਗੁਆ ਸਕਦੇ ਹੋ ਜਿੰਨੀ ਦੇਰ ਨਾਲ ਦਾਅਵਾ ਹੁੰਦਾ ਹੈ, ਜਦੋਂ ਤਕ ਤੁਸੀਂ ਦੇਰੀ ਦਾ ਚੰਗਾ ਕਾਰਨ ਨਹੀਂ ਦੱਸਦੇ। ਤੇਜ਼ ਪ੍ਰਕਿਰਿਆ ਲਈ, SDI Online ਦੀ ਵਰਤੋਂ ਕਰਕੇ ਆਪਣਾ ਦਾਅਵਾ ਦਾਇਰ ਕਰੋ।

ਫਾਈਲ ਕਰਨ ਲਈ, ਜਾਂ ਹੋਰ ਜਾਣਨ ਲਈ Paid Family Leave (edd.ca.gov/Disability/Paid _ Family_Leave.htm) ਤੇ ਜਾਓ।

EDD ਦੇ ਕਰਮਚਾਰੀ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਤੋਂ ਲੈਕੇ ਸ਼ਾਮੀ 5 ਵਜੇ (ਪੈਸਿਫਿਕ ਟਾਈਮ) ਤੱਕ ਉਪਲਬਧ ਹੁੰਦੇ ਹਨ, ਰਾਜ ਦੀਆਂ ਛੁੱਟੀ ਨੂੰ ਛੱਡ ਕੇ।

PFL ਫ਼ੋਨ ਨੰਬਰਾਂ ਦੀ ਸੂਚੀ ਲਈ ਪੰਨਾ 19 ਵੇਖੋ।

# ਕਾਰਜਬਲ ਸੇਵਾਵਾਂ

EDD America's Job Center of California[SM] (AJCC) ਰਾਹੀਂ ਸਟੇਟ ਅਤੇ ਸਥਾਨਕ ਏਜੰਸੀਆਂ ਦੇ ਨਾਲ ਭਾਈਵਾਲੀ ਵਿੱਚ ਰੁਜ਼ਗਾਰ ਅਤੇ ਸਿਖਲਾਈ ਸੇਵਾਵਾਂ ਪ੍ਰਦਾਨ ਕਰਦਾ ਹੈ। ਇਹ ਸੇਵਾਵਾਂ ਬਿਨ੍ਹਾਂ ਖਰਚੇ ਤੇ ਨੌਕਰੀਆਂ ਭਾਲਣ ਵਾਲੇ ਲੋਕਾਂ ਅਤੇ ਰੁਜ਼ਗਾਰਦਾਤਾਵਾਂ ਦੀ ਮਦਦ ਕਰਦੀਆਂ ਹਨ।

AJCC ਰਾਹੀਂ, EDD ਨੌਕਰੀ ਲੱਭਣ ਵਾਲਿਆਂ ਦੀ ਨੌਕਰੀ ਦੀ ਭਾਲ ਅਤੇ ਰੈਜ਼ਿਊਮੇ ਵਰਕਸ਼ਾਪਾਂ, ਇੰਟਰਵਿਊ ਤਕਨੀਕਾਂ, ਨੌਕਰੀ ਮੇਲੇ ਅਤੇ ਰੈਫਰਲ, ਸਿਖਲਾਈ ਅਤੇ ਹੋਰ ਬਹੁਤ ਕੁਝ ਪ੍ਰਦਾਨ ਕਰਦਾ ਹੈ। ਰੁਜ਼ਗਾਰਦਾਤਾ

ਓਪਨ ਪਦਵੀਆਂ ਲਈ ਯੋਗ ਉਮੀਦਵਾਰਾਂ ਦੀ ਭਰਤੀ ਕਰਨ, ਵਰਤਮਾਨ ਕਰਮਚਾਰੀਆਂ ਨੂੰ ਸਿਖਲਾਈ ਦੇਣ ਅਤੇ ਨੌਕਰੀ ਮੇਲੇ ਅਤੇ ਵਰਕਸ਼ਾਪਾਂ ਦਾ ਪ੍ਰਬੰਧ ਕਰਨ ਲਈ ਸਾਡੀ ਬਹੁਤ ਸਾਰੀਆਂ ਸੇਵਾਵਾਂ ਦੀ ਵਰਤੋਂ ਕਰ ਸ ਕਦੇ ਹਨ। ਆਪਣਾ ਨਜ਼ਦੀਕੀ AJCC ਲੱਭਣ ਲਈ, ਔਨਲਾਈਨ Office Locator (edd.ca.gov/Office_Locator) ਤੇ ਜਾਓ।

## CalJOBS℠

CalJOBS ਨੌਕਰੀ ਦੀ ਭਾਲ ਕਰਨ ਵਾਲਿਆਂ ਅਤੇ ਰੁਜ਼ਗਾਰ ਪ੍ਰਦਾਤਾਵਾਂ ਦੀ EDD ਵਰਕਫੋਰਸ ਸੇਵਾਵਾਂ ਨੈਵੀਗੇਟ ਕਰਨ ਵਿੱਚ ਮਦਦ ਲਈ ਕੈਲੀਫੋਰਨੀਆ ਦਾ ਔਨਲਾਈਨ ਸਰੋਤ ਹੈ। ਇਹ ਪ੍ਰਣਾਲੀ ਵਰਤੋਕਾਰਾਂ ਦੀ ਆਸਾਨੀ ਨਾਲ ਨੌਕਰੀਆਂ ਲੱਭਣ, ਯੋਗਤਾ-ਪੱਤਰ (ਰੈਜ਼ਿਊਮੇ) ਬਣਾਉਣ, ਕੈਰੀਅਰ ਸਰੋਤਾਂ ਤੱਕ ਪਹੁੰਚ ਕਰਨ, ਰੁਜ਼ਗਾਰ ਲਈ ਯੋਗ ਉਮੀਦਵਾਰ ਲੱਭਣ ਅਤੇ ਸਿੱਖਿਆ ਅਤੇ ਸਿਖਲਾਈ ਪ੍ਰੋਗਰਾਮਾਂ ਦੀ ਜਾਣਕਾਰੀ ਇਕੱਠੀ ਕਰਨ ਦੀ ਸਹੂਲਤ ਦਿੰਦੀ ਹੈ।

ਨੌਕਰੀ ਦੀ ਭਾਲ ਕਰਨ ਵਾਲੇ ਇਹ ਕਰ ਸਕਦੇ ਹਨ:

- ਰੈਜ਼ਿਊਮੇ ਬਣਾਉਣਾ ਜਾਂ ਕਈ ਰੈਜ਼ਿਊਮੇ ਅਪਲੋਡ ਕਰਨਾ।
- ਨੌਕਰੀਆਂ ਦੀ ਭਾਲ ਕਰਨਾ ਅਤੇ ਬਿਨੈ ਕਰਨਾ।
- ਨਵੀਆਂ ਭਰਤੀਆਂ ਲਈ ਸਚੇਤਕ (ਅਲਰਟ) ਸੈੱਟ ਕਰਨਾ।
- ਰੁਜ਼ਗਾਰ ਪ੍ਰਦਾਤਾਵਾਂ ਬਾਰੇ ਸੋਧ ਕਰਨਾ।
- ਰੁਜ਼ਗਾਰਦਾਤਾਵਾਂ ਲਈ ਦੇਖਣਯੋਗ ਅਨੁਕੂਲਿਤ ਰੈਜ਼ਿਊਮੇ ਬਣਾਉਣਾ।

**ਨੋਟ:** CalJOBS ਖਾਤੇ ਲਈ ਰਜਿਸਟਰ ਕਰਨਾ ਅਤੇ ਰੈਜ਼ਿਊਮੇ ਪੋਸਟ ਕਰਨਾ ਬਹੁਤ ਸਾਰੇ UI ਦਾਅਵੇਦਾਰਾਂ ਲਈ ਲੋੜੀਂਦੀ ਯੋਗਤਾ ਹੈ। ਰਜਿਸਟਰ ਕਰਨ ਲਈ, CalJOBS℠ (caljobs.ca.gov) ਤੇ ਜਾਓ।

## ਪ੍ਰਵਾਸੀ ਅਤੇ ਮੌਸਮੀ ਖੇਤ ਮਜ਼ਦੂਰ (MSFW) ਆਊਟਰੀਚ ਪ੍ਰੋਗਰਾਮ

MSFW ਆਊਟਰੀਚ ਪ੍ਰੋਗਰਾਮ, ਬਿਨਾ ਕਿਸੇ ਫੀਸ ਲਏ America ਦੇ ਜੋਬ ਸੈਂਟਰ ਔਫ California℠ ਵਿਖੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਤੋਂ ਅਨਜਾਣ ਖੇਤ ਮਜ਼ਦੂਰਾਂ ਦੀ ਨੌਕਰੀ ਦੀ ਭਾਲ, ਹੁਨਰਾਂ ਦੇ ਵਿਕਾਸ, ਸਹਾਇਕ ਸੇਵਾਵਾਂ ਲਈ ਰੈਫਰ ਕਰਨ, ਬੇਰੁਜ਼ਗਾਰੀ ਅਤੇ ਅਪਾਹਜਤਾ ਬੀਮਾ, ਫਾਰਮ ਵਰਕਰਾਂ ਦੇ ਅਧਿਕਾਰਾਂ ਦੇ ਲੇਬਰ-ਕਾਨੂੰਨਾਂ ਬਾਰੇ ਜਾਣਕਾਰੀ, ਅਤੇ ਕੈਰੀਅਰ ਦੇ ਮਾਰਗ-ਦਰਸ਼ਨ ਬਾਰੇ ਜਾਣਕਾਰੀ ਦੇਣ ਵਿੱਚ ਮਦਦ ਕਰਦਾ ਹੈ।

## ਸਾਬਕਾ ਫੌਜੀ ਸੇਵਾਵਾਂ ਪ੍ਰੋਗਰਾਮ

EDD ਪ੍ਰੋਗਰਾਮ ਸਾਬਕਾ ਫੌਜੀਆਂ ਦੀ ਉਨ੍ਹਾਂ ਦੇ ਰੁਜ਼ਗਾਰ ਅਤੇ ਸਿਖਲਾਈ ਦੇ ਟੀਚੇ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦਾ ਹੈ। ਸੇਵਾਵਾਂ ਵਿੱਚ ਲੇਬਰ ਮਾਰਕੀਟ ਦੀ ਜਾਣਕਾਰੀ ਸਾਰੀ ਨੌਕਰੀ ਦੀਆਂ ਸੂਚੀਆਂ ਉੱਤੇ ਸਾਬਕਾ ਫੌਜੀਆਂ ਲਈ 24-ਘੰਟੇ ਲਈ ਤਰਜੀਹੀ ਅਧਿਕਾਰ, ਅਨੁਕੂਲਿਤ ਰੁਜ਼ਗਾਰ ਦੀ ਭਾਲ ਵਿੱਚ ਸਹਾਇਤਾ, ਰੋਜ਼ਗਾਰ ਮੇਲੇ, ਵਰਕਸ਼ਾਪਾਂ, ਰੁਜ਼ਗਾਰ-ਪ੍ਰਦਾਤਾਵਾਂ ਦੀ ਭਰਤੀ ਅਤੇ ਹੋਰ ਸਾਧਨ ਸ਼ਾਮਲ ਹਨ।

## ਨੌਜਵਾਨ ਰੁਜ਼ਗਾਰ ਅਵਸਰ ਪ੍ਰੋਗਰਾਮ (YEOP)

YEOP 15 ਤੋਂ 25 ਸਾਲ ਦੀ ਉਮਰ ਦੇ ਨੌਜਵਾਨਾਂ ਦੀ ਉਨ੍ਹਾਂ ਦੇ ਵਿਦਿਅਕ ਅਤੇ ਵੋਕੇਸ਼ਨਲ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਲਈ ਵਿਸ਼ੇਸ਼ ਸੇਵਾ ਪ੍ਰਦਾਨ ਕਰਦੀ ਹੈ। ਸੇਵਾਵਾਂ ਵਿੱਚ ਪੀਅਰ ਦੀ ਸਲਾਹ ਲੈਣਾ, ਸਹਾਇਕ ਸੇਵਾਵਾਂ ਲਈ ਹਵਾਲੇ, ਵਰਕਸ਼ਾਪਾਂ, ਨੌਕਰੀ ਦੇ ਹਵਾਲੇ ਅਤੇ ਪਲੇਸਮੈਂਟ ਸਹਾਇਤਾ, ਅਤੇ ਸਿਖਲਾਈ ਅਤੇ ਕਮਿਊਨਿਟੀ ਆਊਟਰੀਚ ਦੇ ਯਤਨਾਂ ਲਈ ਹਵਾਲੇ ਸ਼ਾਮਲ ਹਨ।

ਉੱਪਰ ਦੱਸੇ ਗਏ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਔਨਲਾਈਨ Jobs and Training (edd.ca.gov/Jobs_and_Training).

# 2 ਜਨਵਰੀ, 2005 ਜਾਂ ਬਾਅਦ ਦੀ ਸ਼ੁਰੂਆਤ ਦੀ ਮਿਤੀ ਦੇ ਨਵੇਂ ਦਾਅਵੇ ਲਈ ਬੇਰੋਜ਼ਗਾਰੀ ਬੀਮਾ ਲਾਭ ਸਾਰਣੀ

| ਉੱਚ ਤਿਮਾਹੀ ਵਿੱਚ ਕਮਾਈ ਦੀ ਰਕਮ | ਹਫਤਾਵਾਰੀ ਲਾਭ ਰਕਮ | ਉੱਚ ਤਿਮਾਹੀ ਵਿੱਚ ਕਮਾਈ ਦੀ ਰਕਮ | ਹਫਤਾਵਾਰੀ ਲਾਭ ਰਕਮ | ਉੱਚ ਤਿਮਾਹੀ ਵਿੱਚ ਕਮਾਈ ਦੀ ਰਕਮ | ਹਫਤਾਵਾਰੀ ਲਾਭ ਰਕਮ |
|---|---|---|---|---|---|
| $ 900.00 – 948.99 | $ 40 | $ 2,210.01 – 2,236.00 | $86 | $ 3,406.01 – 3,432.00 | $132 |
| 949.00 – 974.99 | 41 | 2,236.01 – 2,262.00 | 87 | 3,432.01 – 3,458.00 | 133 |
| 975.00 – 1,000.99 | 42 | 2,262.01 – 2,288.00 | 88 | 3,458.01 – 3,484.00 | 134 |
| 1,001.00 – 1,026.99 | 43 | 2,288.01 – 2,314.00 | 89 | 3,484.01 – 3,510.00 | 135 |
| 1,027.00 – 1,052.99 | 44 | 2,314.01 – 2,340.00 | 90 | 3,510.01 – 3,536.00 | 136 |
| 1,053.00 – 1,078.99 | 45 | 2,340.01 – 2,366.00 | 91 | 3,536.01 – 3,562.00 | 137 |
| 1,079.00 – 1,117.99 | 46 | 2,366.01 – 2,392.00 | 92 | 3,562.01 – 3,588.00 | 138 |
| 1,118.00 – 1,143.99 | 47 | 2,392.01 – 2,418.00 | 93 | 3,588.01 – 3,614.00 | 139 |
| 1,144.00 – 1,169.99 | 48 | 2,418.01 – 2,444.00 | 94 | 3,614.01 – 3,640.00 | 140 |
| 1,170.00 – 1,195.99 | 49 | 2,444.01 – 2,470.00 | 95 | 3,640.01 – 3,666.00 | 141 |
| 1,196.00 – 1,221.99 | 50 | 2,470.01 – 2,496.00 | 96 | 3,666.01 – 3,692.00 | 142 |
| 1,222.00 – 1,247.99 | 51 | 2,496.01 – 2,522.00 | 97 | 3,692.01 – 3,718.00 | 143 |
| 1,248.00 – 1,286.99 | 52 | 2,522.01 – 2,548.00 | 98 | 3,718.01 – 3,744.00 | 144 |
| 1,287.00 – 1,312.99 | 53 | 2,548.01 – 2,574.00 | 99 | 3,744.01 – 3,770.00 | 145 |
| 1,313.00 – 1,338.99 | 54 | 2,574.01 – 2,600.00 | 100 | 3,770.01 – 3,796.00 | 146 |
| 1,339.00 – 1,364.99 | 55 | 2,600.01 – 2,626.00 | 101 | 3,796.01 – 3,822.00 | 147 |
| 1,365.00 – 1,403.99 | 56 | 2,626.01 – 2,652.00 | 102 | 3,822.01 – 3,848.00 | 148 |
| 1,404.00 – 1,429.99 | 57 | 2,652.01 – 2,678.00 | 103 | 3,848.01 – 3,874.00 | 149 |
| 1,430.00 – 1,455.99 | 58 | 2,678.01 – 2,704.00 | 104 | 3,874.01 – 3,900.00 | 150 |
| 1,456.00 – 1,494.99 | 59 | 2,704.01 – 2,730.00 | 105 | 3,900.01 – 3,926.00 | 151 |
| 1,495.00 – 1,520.99 | 60 | 2,730.01 – 2,756.00 | 106 | 3,926.01 – 3,952.00 | 152 |
| 1,521.00 – 1,546.99 | 61 | 2,756.01 – 2,782.00 | 107 | 3,952.01 – 3,978.00 | 153 |
| 1,547.00 – 1,585.99 | 62 | 2,782.01 – 2,808.00 | 108 | 3,978.01 – 4,004.00 | 154 |
| 1,586.00 – 1,611.99 | 63 | 2,808.01 – 2,834.00 | 109 | 4,004.01 – 4,030.00 | 155 |
| 1,612.00 – 1,637.99 | 64 | 2,834.01 – 2,860.00 | 110 | 4,030.01 – 4,056.00 | 156 |
| 1,638.00 – 1,676.99 | 65 | 2,860.01 – 2,886.00 | 111 | 4,056.01 – 4,082.00 | 157 |
| 1,677.00 – 1,702.99 | 66 | 2,886.01 – 2,912.00 | 112 | 4,082.01 – 4,108.00 | 158 |
| 1,703.00 – 1,741.99 | 67 | 2,912.01 – 2,938.00 | 113 | 4,108.01 – 4,134.00 | 159 |
| 1,742.00 – 1,767.99 | 68 | 2,938.01 – 2,964.00 | 114 | 4,134.01 – 4,160.00 | 160 |
| 1,768.00 – 1,806.99 | 69 | 2,964.01 – 2,990.00 | 115 | 4,160.01 – 4,186.00 | 161 |
| 1,807.00 – 1,832.99 | 70 | 2,990.01 – 3,016.00 | 116 | 4,186.01 – 4,212.00 | 162 |
| 1,833.00 – 1,846.00 | 71 | 3,016.01 – 3,042.00 | 117 | 4,212.01 – 4,238.00 | 163 |
| 1,846.01 – 1,872.00 | 72 | 3,042.01 – 3,068.00 | 118 | 4,238.01 – 4,264.00 | 164 |
| 1,872.01 – 1,898.00 | 73 | 3,068.01 – 3,094.00 | 119 | 4,264.01 – 4,290.00 | 165 |
| 1,898.01 – 1,924.00 | 74 | 3,094.01 – 3,120.00 | 120 | 4,290.01 – 4,316.00 | 166 |
| 1,924.01 – 1,950.00 | 75 | 3,120.01 – 3,146.00 | 121 | 4,316.01 – 4,342.00 | 167 |
| 1,950.01 – 1,976.00 | 76 | 3,146.01 – 3,172.00 | 122 | 4,342.01 – 4,368.00 | 168 |
| 1,976.01 – 2,002.00 | 77 | 3,172.01 – 3,198.00 | 123 | 4,368.01 – 4,394.00 | 169 |
| 2,002.01 – 2,028.00 | 78 | 3,198.01 – 3,224.00 | 124 | 4,394.01 – 4,420.00 | 170 |
| 2,028.01 – 2,054.00 | 79 | 3,224.01 – 3,250.00 | 125 | 4,420.01 – 4,446.00 | 171 |
| 2,054.01 – 2,080.00 | 80 | 3,250.01 – 3,276.00 | 126 | 4,446.01 – 4,472.00 | 172 |
| 2,080.01 – 2,106.00 | 81 | 3,276.01 – 3,302.00 | 127 | 4,472.01 – 4,498.00 | 173 |
| 2,106.01 – 2,132.00 | 82 | 3,302.01 – 3,328.00 | 128 | 4,498.01 – 4,524.00 | 174 |
| 2,132.01 – 2,158.00 | 83 | 3,328.01 – 3,354.00 | 129 | 4,524.01 – 4,550.00 | 175 |
| 2,158.01 – 2,184.00 | 84 | 3,354.01 – 3,380.00 | 130 | 4,550.01 – 4,576.00 | 176 |
| 2,184.01 – 2,210.00 | 85 | 3,380.01 – 3,406.00 | 131 | 4,576.01 – 4,602.00 | 177 |

## 2 ਜਨਵਰੀ, 2005 ਜਾਂ ਬਾਅਦ ਦੀ ਸ਼ੁਰੂਆਤ ਦੀ ਮਿਤੀ ਦੇ ਨਵੇਂ ਦਾਅਵੇ ਲਈ ਬੇਰੋਜ਼ਗਾਰੀ ਬੀਮਾ ਲਾਭ ਸਾਰਣੀ

| ਉੱਚ ਤਿਮਾਹੀ ਵਿੱਚ ਕਮਾਈ ਦੀ ਰਕਮ | ਹਫਤਾਵਾਰੀ ਲਾਭ ਰਕਮ | ਉੱਚ ਤਿਮਾਹੀ ਵਿੱਚ ਕਮਾਈ ਦੀ ਰਕਮ | ਹਫਤਾਵਾਰੀ ਲਾਭ ਰਕਮ | ਉੱਚ ਤਿਮਾਹੀ ਵਿੱਚ ਕਮਾਈ ਦੀ ਰਕਮ | ਹਫਤਾਵਾਰੀ ਲਾਭ ਰਕਮ |
|---|---|---|---|---|---|
| $ 4,602.01 – 4,628.00 | $178 | $ 5,798.01 – 5,824.00 | $224 | $ 6,994.01 – 7,020.00 | $270 |
| 4,628.01 – 4,654.00 | 179 | 5,824.01 – 5,850.00 | 225 | 7,020.01 – 7,046.00 | 271 |
| 4,654.01 – 4,680.00 | 180 | 5,850.01 – 5,876.00 | 226 | 7,046.01 – 7,072.00 | 272 |
| 4,680.01 – 4,706.00 | 181 | 5,876.01 – 5,902.00 | 227 | 7,072.01 – 7,098.00 | 273 |
| 4,706.01 – 4,732.00 | 182 | 5,902.01 – 5,928.00 | 228 | 7,098.01 – 7,124.00 | 274 |
| 4,732.01 – 4,758.00 | 183 | 5,928.01 – 5,954.00 | 229 | 7,124.01 – 7,150.00 | 275 |
| 4,758.01 – 4,784.00 | 184 | 5,954.01 – 5,980.00 | 230 | 7,150.01 – 7,176.00 | 276 |
| 4,784.01 – 4,810.00 | 185 | 5,980.01 – 6,006.00 | 231 | 7,176.01 – 7,202.00 | 277 |
| 4,810.01 – 4,836.00 | 186 | 6,006.01 – 6,032.00 | 232 | 7,202.01 – 7,228.00 | 278 |
| 4,836.01 – 4,862.00 | 187 | 6,032.01 – 6,058.00 | 233 | 7,228.01 – 7,254.00 | 279 |
| 4,862.01 – 4,888.00 | 188 | 6,058.01 – 6,084.00 | 234 | 7,254.01 – 7,280.00 | 280 |
| 4,888.01 – 4,914.00 | 189 | 6,084.01 – 6,110.00 | 235 | 7,280.01 – 7,306.00 | 281 |
| 4,914.01 – 4,940.00 | 190 | 6,110.01 – 6,136.00 | 236 | 7,306.01 – 7,332.00 | 282 |
| 4,940.01 – 4,966.00 | 191 | 6,136.01 – 6,162.00 | 237 | 7,332.01 – 7,358.00 | 283 |
| 4,966.01 – 4,992.00 | 192 | 6,162.01 – 6,188.00 | 238 | 7,358.01 – 7,384.00 | 284 |
| 4,992.01 – 5,018.00 | 193 | 6,188.01 – 6,214.00 | 239 | 7,384.01 – 7,410.00 | 285 |
| 5,018.01 – 5,044.00 | 194 | 6,214.01 – 6,240.00 | 240 | 7,410.01 – 7,436.00 | 286 |
| 5,044.01 – 5,070.00 | 195 | 6,240.01 – 6,266.00 | 241 | 7,436.01 – 7,462.00 | 287 |
| 5,070.01 – 5,096.00 | 196 | 6,266.01 – 6,292.00 | 242 | 7,462.01 – 7,488.00 | 288 |
| 5,096.01 – 5,122.00 | 197 | 6,292.01 – 6,318.00 | 243 | 7,488.01 – 7,514.00 | 289 |
| 5,122.01 – 5,148.00 | 198 | 6,318.01 – 6,344.00 | 244 | 7,514.01 – 7,540.00 | 290 |
| 5,148.01 – 5,174.00 | 199 | 6,344.01 – 6,370.00 | 245 | 7,540.01 – 7,566.00 | 291 |
| 5,174.01 – 5,200.00 | 200 | 6,370.01 – 6,396.00 | 246 | 7,566.01 – 7,592.00 | 292 |
| 5,200.01 – 5,226.00 | 201 | 6,396.01 – 6,422.00 | 247 | 7,592.01 – 7,618.00 | 293 |
| 5,226.01 – 5,252.00 | 202 | 6,422.01 – 6,448.00 | 248 | 7,618.01 – 7,644.00 | 294 |
| 5,252.01 – 5,278.00 | 203 | 6,448.01 – 6,474.00 | 249 | 7,644.01 – 7,670.00 | 295 |
| 5,278.01 – 5,304.00 | 204 | 6,474.01 – 6,500.00 | 250 | 7,670.01 – 7,696.00 | 296 |
| 5,304.01 – 5,330.00 | 205 | 6,500.01 – 6,526.00 | 251 | 7,696.01 – 7,722.00 | 297 |
| 5,330.01 – 5,356.00 | 206 | 6,526.01 – 6,552.00 | 252 | 7,722.01 – 7,748.00 | 298 |
| 5,356.01 – 5,382.00 | 207 | 6,552.01 – 6,578.00 | 253 | 7,748.01 – 7,774.00 | 299 |
| 5,382.01 – 5,408.00 | 208 | 6,578.01 – 6,604.00 | 254 | 7,774.01 – 7,800.00 | 300 |
| 5,408.01 – 5,434.00 | 209 | 6,604.01 – 6,630.00 | 255 | 7,800.01 – 7,826.00 | 301 |
| 5,434.01 – 5,460.00 | 210 | 6,630.01 – 6,656.00 | 256 | 7,826.01 – 7,852.00 | 302 |
| 5,460.01 – 5,486.00 | 211 | 6,656.01 – 6,682.00 | 257 | 7,852.01 – 7,878.00 | 303 |
| 5,486.01 – 5,512.00 | 212 | 6,682.01 – 6,708.00 | 258 | 7,878.01 – 7,904.00 | 304 |
| 5,512.01 – 5,538.00 | 213 | 6,708.01 – 6,734.00 | 259 | 7,904.01 – 7,930.00 | 305 |
| 5,538.01 – 5,564.00 | 214 | 6,734.01 – 6,760.00 | 260 | 7,930.01 – 7,956.00 | 306 |
| 5,564.01 – 5,590.00 | 215 | 6,760.01 – 6,786.00 | 261 | 7,956.01 – 7,982.00 | 307 |
| 5,590.01 – 5,616.00 | 216 | 6,786.01 – 6,812.00 | 262 | 7,982.01 – 8,008.00 | 308 |
| 5,616.01 – 5,642.00 | 217 | 6,812.01 – 6,838.00 | 263 | 8,008.01 – 8,034.00 | 309 |
| 5,642.01 – 5,668.00 | 218 | 6,838.01 – 6,864.00 | 264 | 8,034.01 – 8,060.00 | 310 |
| 5,668.01 – 5,694.00 | 219 | 6,864.01 – 6,890.00 | 265 | 8,060.01 – 8,086.00 | 311 |
| 5,694.01 – 5,720.00 | 220 | 6,890.01 – 6,916.00 | 266 | 8,086.01 – 8,112.00 | 312 |
| 5,720.01 – 5,746.00 | 221 | 6,916.01 – 6,942.00 | 267 | 8,112.01 – 8,138.00 | 313 |
| 5,746.01 – 5,772.00 | 222 | 6,942.01 – 6,968.00 | 268 | 8,138.01 – 8,164.00 | 314 |
| 5,772.01 – 5,798.00 | 223 | 6,968.01 – 6,994.00 | 269 | 8,164.01 – 8,190.00 | 315 |

## 2 ਜਨਵਰੀ, 2005 ਜਾਂ ਬਾਅਦ ਦੀ ਸ਼ੁਰੂਆਤ ਦੀ ਮਿਤੀ ਦੇ ਨਵੇਂ ਦਾਅਵੇ ਲਈ ਬੇਰੋਜ਼ਗਾਰੀ ਬੀਮਾ ਲਾਭ ਸਾਰਣੀ

| ਉੱਚ ਤਿਮਾਹੀ ਵਿੱਚ ਕਮਾਈ ਦੀ ਰਕਮ | ਹਫਤਾਵਾਰੀ ਲਾਭ ਰਕਮ | ਉੱਚ ਤਿਮਾਹੀ ਵਿੱਚ ਕਮਾਈ ਦੀ ਰਕਮ | ਹਫਤਾਵਾਰੀ ਲਾਭ ਰਕਮ | ਉੱਚ ਤਿਮਾਹੀ ਵਿੱਚ ਕਮਾਈ ਦੀ ਰਕਮ | ਹਫਤਾਵਾਰੀ ਲਾਭ ਰਕਮ |
|---|---|---|---|---|---|
| $ 8,190.01 – 8,216.00 | $316 | $ 9,386.01 – 9,412.00 | $362 | $10,582.01 – 10,608.00 | $408 |
| 8,216.01 – 8,242.00 | 317 | 9,412.01 – 9,438.00 | 363 | 10,608.01 – 10,634.00 | 409 |
| 8,242.01 – 8,268.00 | 318 | 9,438.01 – 9,464.00 | 364 | 10,634.01 – 10,660.00 | 410 |
| 8,268.01 – 8,294.00 | 319 | 9,464.01 – 9,490.00 | 365 | 10,660.01 – 10,686.00 | 411 |
| 8,294.01 – 8,320.00 | 320 | 9,490.01 – 9,516.00 | 366 | 10,686.01 – 10,712.00 | 412 |
| 8,320.01 – 8,346.00 | 321 | 9,516.01 – 9,542.00 | 367 | 10,712.01 – 10,738.00 | 413 |
| 8,346.01 – 8,372.00 | 322 | 9,542.01 – 9,568.00 | 368 | 10,738.01 – 10,764.00 | 414 |
| 8,372.01 – 8,398.00 | 323 | 9,568.01 – 9,594.00 | 369 | 10,764.01 – 10,790.00 | 415 |
| 8,398.01 – 8,424.00 | 324 | 9,594.01 – 9,620.00 | 370 | 10,790.01 – 10,816.00 | 416 |
| 8,424.01 – 8,450.00 | 325 | 9,620.01 – 9,646.00 | 371 | 10,816.01 – 10,842.00 | 417 |
| 8,450.01 – 8,476.00 | 326 | 9,646.01 – 9,672.00 | 372 | 10,842.01 – 10,868.00 | 418 |
| 8,476.01 – 8,502.00 | 327 | 9,672.01 – 9,698.00 | 373 | 10,868.01 – 10,894.00 | 419 |
| 8,502.01 – 8,528.00 | 328 | 9,698.01 – 9,724.00 | 374 | 10,894.01 – 10,920.00 | 420 |
| 8,528.01 – 8,554.00 | 329 | 9,724.01 – 9,750.00 | 375 | 10,920.01 – 10,946.00 | 421 |
| 8,554.01 – 8,580.00 | 330 | 9,750.01 – 9,776.00 | 376 | 10,946.01 – 10,972.00 | 422 |
| 8,580.01 – 8,606.00 | 331 | 9,776.01 – 9,802.00 | 377 | 10,972.01 – 10,998.00 | 423 |
| 8,606.01 – 8,632.00 | 332 | 9,802.01 – 9,828.00 | 378 | 10,998.01 – 11,024.00 | 424 |
| 8,632.01 – 8,658.00 | 333 | 9,828.01 – 9,854.00 | 379 | 11,024.01 – 11,050.00 | 425 |
| 8,658.01 – 8,684.00 | 334 | 9,854.01 – 9,880.00 | 380 | 11,050.01 – 11,076.00 | 426 |
| 8,684.01 – 8,710.00 | 335 | 9,880.01 – 9,906.00 | 381 | 11,076.01 – 11,102.00 | 427 |
| 8,710.01 – 8,736.00 | 336 | 9,906.01 – 9,932.00 | 382 | 11,102.01 – 11,128.00 | 428 |
| 8,736.01 – 8,762.00 | 337 | 9,932.01 – 9,958.00 | 383 | 11,128.01 – 11,154.00 | 429 |
| 8,762.01 – 8,788.00 | 338 | 9,958.01 – 9,984.00 | 384 | 11,154.01 – 11,180.00 | 430 |
| 8,788.01 – 8,814.00 | 339 | 9,984.01 – 10,010.00 | 385 | 11,180.01 – 11,206.00 | 431 |
| 8,814.01 – 8,840.00 | 340 | 10,010.01 – 10,036.00 | 386 | 11,206.01 – 11,232.00 | 432 |
| 8,840.01 – 8,866.00 | 341 | 10,036.01 – 10,062.00 | 387 | 11,232.01 – 11,258.00 | 433 |
| 8,866.01 – 8,892.00 | 342 | 10,062.01 – 10,088.00 | 388 | 11,258.01 – 11,284.00 | 434 |
| 8,892.01 – 8,918.00 | 343 | 10,088.01 – 10,114.00 | 389 | 11,284.01 – 11,310.00 | 435 |
| 8,918.01 – 8,944.00 | 344 | 10,114.01 – 10,140.00 | 390 | 11,310.01 – 11,336.00 | 436 |
| 8,944.01 – 8,970.00 | 345 | 10,140.01 – 10,166.00 | 391 | 11,336.01 – 11,362.00 | 437 |
| 8,970.01 – 8,996.00 | 346 | 10,166.01 – 10,192.00 | 392 | 11,362.01 – 11,388.00 | 438 |
| 8,996.01 – 9,022.00 | 347 | 10,192.01 – 10,218.00 | 393 | 11,388.01 – 11,414.00 | 439 |
| 9,022.01 – 9,048.00 | 348 | 10,218.01 – 10,244.00 | 394 | 11,414.01 – 11,440.00 | 440 |
| 9,048.01 – 9,074.00 | 349 | 10,244.01 – 10,270.00 | 395 | 11,440.01 – 11,466.00 | 441 |
| 9,074.01 – 9,100.00 | 350 | 10,270.01 – 10,296.00 | 396 | 11,466.01 – 11,492.00 | 442 |
| 9,100.01 – 9,126.00 | 351 | 10,296.01 – 10,322.00 | 397 | 11,492.01 – 11,518.00 | 443 |
| 9,126.01 – 9,152.00 | 352 | 10,322.01 – 10,348.00 | 398 | 11,518.01 – 11,544.00 | 444 |
| 9,152.01 – 9,178.00 | 353 | 10,348.01 – 10,374.00 | 399 | 11,544.01 – 11,570.00 | 445 |
| 9,178.01 – 9,204.00 | 354 | 10,374.01 – 10,400.00 | 400 | 11,570.01 – 11,596.00 | 446 |
| 9,204.01 – 9,230.00 | 355 | 10,400.01 – 10,426.00 | 401 | 11,596.01 – 11,622.00 | 447 |
| 9,230.01 – 9,256.00 | 356 | 10,426.01 – 10,452.00 | 402 | 11,622.01 – 11,648.00 | 448 |
| 9,256.01 – 9,282.00 | 357 | 10,452.01 – 10,478.00 | 403 | 11,648.01 – 11,674.00 | 449 |
| 9,282.01 – 9,308.00 | 358 | 10,478.01 – 10,504.00 | 404 | 11,674.01 – ਅਤੇ ਵੱਧ | 450 |
| 9,308.01 – 9,334.00 | 359 | 10,504.01 – 10,530.00 | 405 | | |
| 9,334.01 – 9,360.00 | 360 | 10,530.01 – 10,556.00 | 406 | | |
| 9,360.01 – 9,386.00 | 361 | 10,556.01 – 10,582.00 | 407 | | |

# ਮਦਦ ਕਿਵੇਂ ਪ੍ਰਾਪਤ ਕਰੀਏ
## ਔਨਲਾਈਨ

- EDD ਸੇਵਾਵਾਂ ਅਤੇ ਪ੍ਰੋਗਰਾਮਾਂ ਬਾਰੇ ਵਧੇਰੇ ਜਾਣਨ ਲਈ, EDD Online (edd.ca.gov) ਤੇ ਜਾਓ।
  - ਸਾਨੂ ੰ ਸਵਾਲ ਪੁੱਛਣ ਲਈ, ਆਪਣਾ UI ਔਨਲਾਈਨ ਜਾਂ SDI ਖਾਤਾ ਐਕਸੈਸ ਕਰਨ ਲਈ Ask EDD (askedd.edd.ca.gov) ਤੇ ਜਾਓ।
- ਆਪਣੀ ਨਜ਼ਦੀਕੀ AJCC ਲੱਭਣ ਲਈ ਔਨਲਾਈਨ Office Locator (edd.ca.gov/Office_Locator) ਤੇ ਜਾਓ।

## ਫ਼ੋਨ
ਸਾਡੇ ਸਾਰੇ ਫ਼ੋਨ ਨੰਬਰ ਟੋਲ ਫ੍ਰੀ ਹਨ। ਰੀਲੇਅ ਸੇਵਾ ਲਈ, ਆਪਰੇਟਰ ਨੂੰ ਹੇਠਾਂ ਵਾਲੇ ਨੰਬਰ ਦਿਓ।

## ਬੇਰੁਜ਼ਗਾਰੀ ਬੀਮਾ
EDD ਦੇ ਕਰਮਚਾਰੀ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰੇ 8 ਵਜੇ ਤੋਂ ਲੈਕੇ ਦੁਪਹਿਰ 12 ਵਜੇ (ਪੈਸਿਫਿਕ ਟਾਈਮ) ਤੱਕ ਉਪਲਬਧ ਹੁੰਦੇ ਹਨ., ਰਾਜ ਦੀਆਂ ਛੁੱਟੀ ਨੂੰ ਛੱਡ ਕੇ।

| | | | |
|---|---|---|---|
| ਅੰਗਰੇਜ਼ੀ | 1-800-300-5616 | ਮੈਂਡਰਿਨ | 1-866-303-0706 |
| ਸਪੈਨਿਸ਼ | 1-800-326-8937 | ਵਿਅਤਨਾਮੀ | 1-800-547-2058 |
| ਕੈਂਟੋਨੀਜ਼ | 1-800-547-3506 | TTY | 1-800-815-9387 |

## ਅਪਾਹਜਤਾ ਬੀਮਾ
EDD ਦੇ ਕਰਮਚਾਰੀ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰੇ 8 ਵਜੇ ਤੋਂ ਲੈਕੇ ਸ਼ਾਮੀ 5 ਵਜੇ (ਪੈਸਿਫਿਕ ਟਾਈਮ) ਤੱਕ ਉਪਲਬਧ ਹੁੰਦੇ ਹਨ., ਰਾਜ ਦੀਆਂ ਛੁੱਟੀ ਨੂੰ ਛੱਡ ਕੇ।

| | | | |
|---|---|---|---|
| ਅੰਗਰੇਜ਼ੀ | 1-800-480-3287 | ਸਪੈਨਿਸ਼ | 1-866-658-8846 |
| TTY | 1-800-563-2441 | | |

## ਭੁਗਤਾਨ ਸਮੇਤ ਪਰਿਵਾਰਕ ਛੁੱਟੀ
EDD ਦੇ ਕਰਮਚਾਰੀ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰੇ 8 ਵਜੇ ਤੋਂ ਲੈਕੇ ਸ਼ਾਮੀ 5 ਵਜੇ (ਪੈਸਿਫਿਕ ਟਾਈਮ) ਤੱਕ ਉਪਲਬਧ ਹੁੰਦੇ ਹਨ., ਰਾਜ ਦੀਆਂ ਛੁੱਟੀ ਨੂੰ ਛੱਡ ਕੇ।

| | | | |
|---|---|---|---|
| ਅੰਗਰੇਜ਼ੀ | 1-877-238-4373 | ਕੈਂਟੋਨੀਜ਼ | 1-866-692-5595 |
| ਸਪੈਨਿਸ਼ | 1-877-379-3819 | ਵੀਅਤਨਾਮੀ | 1-866-692-5596 |
| ਅਰਮੀਨੀਆਈ | 1-866-627-1567 | ਪੰਜਾਬੀ | 1-866-627-1568 |
| ਟੈਗਾਲੋਗ | 1-866-627-1569 | TTY | 1-800-445-1312 |

## ਕੈਲੀਫੋਰਨੀਆ ਰਾਜ

## ਮਜ਼ਦੂਰ ਅਤੇ ਕਾਰਜਬਲ ਵਿਕਾਸ ਏਜੰਸੀ

## ਕਰਮਚਾਰੀ ਵਿਕਾਸ ਵਿਭਾਗ

ਇਹ For Your Benefit: California's Programs for the Unemployed (DE 2320) ਪ੍ਰਕਾਸ਼ਨ **Online Forms and Publications** (forms.edd.ca.gov/forms) ਉੱਤੇ ਦੇਖਿਆ ,ਿ ਪ੍ਰੰਟ ਅਤੇ ਔਨਲਾਈਨ ਆਰਡਰ ਕੀਤਾ ਜਾ ਸਕਦਾ ਹੈ।

EDD ਇੱਕ ਬਰਾਬਰ ਮੌਕੇ ਦਾ ਰੁਜ਼ਗਾਰਦਾਤਾ/ਪ੍ਰੋਗਰਾਮ ਹੈ। ਅਸਮਰੱਥਤਾਵਾਂ ਵਾਲੇ ਵਿਅਕਤੀਆਂ ਲਈ ਬੇਨਤੀ ਕਰਨ ਤੇ ਸਹਾਇਕ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। ਇਸ ਪੁਸਤਕ ਵਿੱਚ ਦਿੱਤੇ ਗਏ ਜਾਣਕਾਰੀ ਨੰਬਰਾਂ ਤੇ ਕਾਲ ਕਰਕੇ ਸੇਵਾਵਾਂ, ਸਹਾਇਤਾ ਅਤੇ/ਜਾਂ ਵਿਕਲਪਿਕ ਤੌਰ ਤੇ ਉਪਲਬਧ ਫਾਰਮੈਟਾਂ ਲਈ ਬੇਨਤੀ ਕਰਨ ਦੀ ਲੋੜ ਹੁੰਦੀ ਹੈ।

ਡਿਸਕਲੇਮਰ: ਜੇ ਤੁਸੀਂ ਕਾਗਜ਼ੀ ਫਾਰਮ ਪ੍ਰਾਪਤ ਨਾ ਕਰਨ ਦਾ ਵਿਕਲਪ ਚੁਣਿਆ ਹੈ, ਫੇਰ ਵੀ ਜ਼ਰੂਰੀ ਹੋ ਸਕਦਾ ਹੈ ਕਿ EDD ਅਮਰੀਕੀ ਡਾਕ ਰਾਹੀਂ ਕੁਝ ਦਸਤਾਵੇਜ਼ ਭੇਜੇ।